MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 36 SATURDAY, 3 SEPTEMBER, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

ਲੈਥ ਮਾਰੂਫ ਸਕੈਂਡਲ ਪਿੱਛੋਂ

## ਨਸਲਵਾਦ ਵਿਰੋਧੀ ਪ੍ਰੋਗਰਾਮ ਲਈ ਫੰਡਿੰਗ ਦੀ ਪੂਰੀ ਸਮੀਖਿਆ ਹੋਵੇਗੀ-ਟਰੂਡੋ



ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਇਹ ਗੱਲ ਬਿਲਕੁਲ ਸਵੀਕਾਰ ਨਹੀਂ ਕੀਤੀ ਜਾ ਸਕਦੀ ਕਿ ਨਸਲਵਾਦ ਵਿਰੋਧੀ ਡਾਲਰ ਸਪਸ਼ਟ ਰੂਪ ਵਿਚ ਯਹੂਦੀ ਵਿਰੋਧੀ ਵਿਚਾਰਾਂ ਵਾਲੇ ਕਿਸੇ ਵਿਅਕਤੀ ਨੂੰ ਨੌਕਰੀ ਦੇਣ ਵਾਲੇ ਸੰਗਠਨ ਨੂੰ ਜਾਣ। ਕਮਿਊਨਿਟੀ ਮੀਡੀਆ ਐਡਵੋਕੇਸੀ ਸੈਂਟਰ (ਸੀਐਮਏਸੀ) ਨੂੰ ਇਸ ਬਸੰਤ ਵਿਚ ਨਸਲਵਾਦ ਵਿਰੋਧੀ ਸਿਖਲਾਈ ਲਈ ਸਰਕਾਰ ਤੋਂ 133000 ਡਾਲਰ ਮਿਲੇ ਸਨ। ਵਿਭਿੰਨਤਾ ਬਾਰੇ ਮੰਤਰੀ ਅਹਿਮਦ ਹੁਸੈਨ ਨੇ ਸ਼ੁਰੂਆਤੀ ਇਨ੍ਹਾਂ ਮੀਡੀਆ ਰਿਪੋਰਟਾਂ ਪਿਛੋਂ ਫੰਡ ਨੂੰ ਰੋਕ ਦਿੱਤਾ ਕਿ ਗਰੁੱਪ ਦੇ ਸੀਨੀਅਰ ਸਲਾਹਕਾਰ ਤੇ ਸੰਸਥਾਪਕ ਲੈਥ ਮਾਰੋਫ ਨੇ ਸੋਸ਼ਲ ਮੀਡੀਆ 'ਤੇ ਯਹੂਦੀ ਵਿਰੋਧੀ ਤੇ ਫ੍ਰੈਂਕੋਫੋਨ ਵਿਰੋਧੀ ਸੰਦੇਸ਼ਾਂ ਦੀ ਇਕ ਲੜੀ ਪੋਸਟ ਕੀਤੀ ਸੀ। ਕਿਚਨਰ (ਓਨਟਾਰੀਓ) ਵਿਚ ਮੀਡੀਆ ਨਾਲ ਗੱਲਬਾਤ (ਬਾਕੀ ਸਫ਼ਾ 8 'ਤੇ)

ਮਾਮਲਾ ਡਿਪਟੀ ਪ੍ਰਧਾਨ ਮੰਤਰੀ ਫਰੀਲੈਂਡ ਨਾਲ ਹੋਈ ਬਦਤਮੀਜ਼ੀ ਦਾ

# ਟਰੂਡੋ ਸਰਕਾਰ ਵਲੋਂ ਮੰਤਰੀਆਂ ਨੂੰ ਸੁਰੱਖਿਆ ਗਾਰਡ ਦੇਣ 'ਤੇ ਵਿਚਾਰ

ਓਟਵਾ-ਜਨਤਕ ਸੁਰੱਖਿਆ ਬਾਰੇ ਮੰਤਰੀ ਮਾਰਕੋ ਮੇਂਡੀਸੀਨੋ ਨੇ ਕਿਹਾ ਹੈ ਕਿ ਅਲਬਰਟਾ ਵਿਚ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨਾਲ ਇਸ ਵੀਕਐਂਡ ਵਿਚ ਵਾਪਰੀ ਬਦਤਮੀਜ਼ੀ ਦੀ ਘਟਨਾ ਪਿੱਛੋਂ ਸਰਕਾਰ ਸਿਆਸਤਦਾਨਾਂ ਨੂੰ ਵਧੇਰੇ ਸੁਰੱਖਿਆ ਮੁਹੱਈਆ ਕਰਨ ਦੇ ਸਾਰੇ ਵਿਕਲਪਾਂ 'ਤੇ ਵਿਚਾਰ ਕਰ ਰਹੀ ਹੈ। ਇਹ ਘਟਨਾ ਸ਼ੁੱਕਰਵਾਰ ਦੇਰ ਰਾਤ ਵਾਪਰੀ ਅਤੇ ਘਟਨਾ ਦੀ ਵੀਡੀਓ ਵੀਕਐਂਡ 'ਤੇ ਸੋਸ਼ਲ ਮੀਡੀਆ 'ਤੇ ਸਰਕੂਲੇਟ ਕੀਤੀ ਗਈ। ਵੀਡੀਓ ਵਿਚ ਫ੍ਰੀਲੈਂਡ ਜਿਹੜੀ ਗਰੈਂਡ ਪ੍ਰੇਰੀ ਵਿਚ ਸੀ ਨੂੰ ਇਕ ਵਿਅਕਤੀ ਚੀਕ ਕੇ ਉਸ ਨੂੰ ਗੱਦਾਰ ਆਖਦਾ ਹੈ ਅਤੇ ਉਸ ਨੂੰ ਇਸ ਪ੍ਰਾਂਤ ਵਿਚ ਬਾਹਰ ਨਿਕਲਣ ਲਈ ਕਹਿੰਦਾ ਹੈ। ਜਦੋਂ ਉਹ ਵਿਅਕਤੀ ਪਹਿਲਾਂ ਬੋਲਿਆ ਤਾਂ ਫ੍ਰੀਲੈਂਡ ਨੇ ਉਸ ਦੀ ਗੱਲ ਸੁਣੀ ਪਰ ਜਦੋਂ ਹੀ ਉਹ ਆਪੇ ਤੋਂ ਬਾਹਰ ਹੋ ਗਿਆ ਤਾਂ ਉਹ ਅਤੇ ਉਸ ਦਾ ਸਟਾਫ ਤੁਰੰਤ ਐਲੀਵੇਟਰ ਵਿਚ ਦਾਖਲ ਹੋਇਆ ਤੇ ਚਲਾ ਗਿਆ। ਮੇਂਡੀਸੀਨੋ ਨੇ ਦੱਸਿਆ ਕਿ ਉਹ ਘਟਨਾ ਤੋਂ ਪ੍ਰੇਸ਼ਾਨ ਹੈ ਅਤੇ ਕਿਹਾ ਕਿ ਇਸ ਤਰ੍ਹਾਂ ਦੀ ਪ੍ਰੇਸ਼ਾਨੀ ਜਾਰੀ ਨਹੀਂ ਰੱਖੀ ਜਾ ਸਕਦੀ। ਉਸ ਨੂੰ ਅਤੇ ਉਸ ਦੇ ਸਟਾਫ ਨੂੰ ਜਿਸ ਤਰ੍ਹਾਂ ਧਮਕਾਇਆ, ਪ੍ਰੇਸ਼ਾਨ ਕੀਤਾ ਅਤੇ ਸਿੱਧੀਆਂ ਧਮਕੀਆਂ ਦਿੱਤੀਆਂ ਉਸ ਲਈ ਇਥੇ ਕੋਈ ਥਾਂ ਨਹੀਂ।



ਆਰਸੀਐਮਪੀ ਪ੍ਰਧਾਨ ਮੰਤਰੀ ਦੀ 24 ਘੰਟੇ ਰਾਖੀ ਕਰਦੀ ਹੈ ਪਰ ਜੇਕਰ ਕੋਈ ਵਿਸ਼ੇਸ਼ ਖ਼ਤਰਾ ਨਾ ਹੋਵੇ ਤਾਂ ਮੰਤਰੀਆਂ ਨੂੰ ਆਮ ਤੌਰ 'ਤੇ ਸੁਰੱਖਿਆ ਨਹੀਂ ਦਿੱਤੀ ਜਾਂਦੀ। ਓਟਵਾ ਵਿਚ ਮੰਤਰੀਆਂ ਕੋਲ ਸਿਰਫ ਕਾਰ ਤੇ ਡਰਾਈਵਰ ਹੁੰਦਾ ਹੈ ਪਰ ਇਸ ਨੂੰ ਸਕਿਉਰਟੀ ਡਿਟੇਲ ਲਈ ਬਦਲ ਨਹੀਂ ਮੰਨਿਆਂ ਜਾਂਦਾ। ਮੇਂਡੀਸਿਨੋ ਨੇ ਕਿਹਾ ਕਿ ਉਹ ਸਾਰੇ ਸਿਆਸਤਦਾਨਾਂ ਲਈ ਸੁਰੱਖਿਆ ਦੇ ਪੱਧਰ ਤੋਂ ਚਿੰਤਤ ਹੈ ਅਤੇ ਕਿਹਾ ਕਿ ਸਾਰੀਆਂ ਗੱਲਾਂ ਵਿਚਾਰ ਅਧੀਨ ਹਨ। ਉਹ ਲਗਾਤਾਰ ਸਾਰੇ ਬਦਲਾਂ ਦੀ ਖੋਜ ਕਰਨਗੇ। ਅਸੀਂ ਆਰਸੀਐਮਪੀ ਅਤੇ ਸਥਾਨਕ ਤੇ ਰੀਜ਼ਨਲ ਪੁਲਿਸ ਸਰਵਿਸ ਦੇ ਸਾਰਜੈਂਟਾਂ ਨਾਲ ਨੇੜਿਓਂ ਕੰਮ ਕਰ ਰਹੇ ਹਾਂ ਜਿਹੜੇ ਸੁਰੱਖਿਆ ਪ੍ਰਦਾਨ ਕਰਦੇ ਹਨ। ਟਵਿੱਟਰ 'ਤੇ ਕੰਸਰਵੇਟਿਵ ਐਮਪੀ ਗੇਰਾਰਡ ਡੇਲਟੈਲ ਨੇ ਕਿਹਾ ਕਿ ਕੈਬਨਿਟ ਮੰਤਰੀ ਨੂੰ ਸਹੀ ਸੁਰੱਖਿਆ ਮੁਹੱਈਆ ਕਰਨ ਦਾ ਇਹ ਸਮਾਂ ਹੈ ਜਦੋਂ ਉਹ ਜਨਤਾ ਵਿਚ ਹੁੰਦੇ ਹਨ। ਨੈਸ਼ਨਲ ਪੋਸਟ ਨੇ ਜੂਨ ਵਿਚ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ 2019 ਦੀਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਖਿਲਾਫ ਲਗਪਗ 60 ਧਮਕੀਆਂ ਸਨ। ਏਟੀਆਈਪੀ ਦਸਤਾਵੇਜ਼ ਵੀ ਦੱਸਦੇ ਹਨ ਕਿ (ਬਾਕੀ ਸਫ਼ਾ 8 'ਤੇ)

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
invis
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**



Adam Ueland
LAWYER

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

"We have offices in Vancouver and Surrey/Delta."

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL.: 10 ISSUE: 36 SATURDAY, 3 SEPTEMBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਬਹਿਬਲ ਕਲਾਂ ਗੋਲੀ ਕਾਂਡ ਮਾਮਲੇ 'ਚ ਸੁਖਬੀਰ ਸਿੰਘ ਬਾਦਲ 6 ਨੂੰ ਤਲਬ

## ਕੋਟਕਪੂਰਾ ਗੋਲੀ ਕਾਂਡ 'ਚ ਵੀ 14 ਨੂੰ ਹੋਵੇਗੀ ਅਕਾਲੀ ਦਲ ਦੇ ਪ੍ਰਧਾਨ ਦੀ ਪੁੱਛ-ਪੜਤਾਲ

ਚੰਡੀਗੜ੍ਹ-ਪੰਜਾਬ ਪੁਲੀਸ ਵੱਲੋਂ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਕਾਇਮ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 6 ਸਤੰਬਰ ਨੂੰ ਪੁੱਛ ਪੜਤਾਲ ਲਈ ਤਲਬ ਕੀਤਾ ਹੈ। ਆਈਜੀ ਰੈਂਕ ਦੇ ਪੁਲੀਸ ਅਧਿਕਾਰੀ ਨੌਨਿਹਾਲ ਸਿੰਘ ਦੀ ਅਗਵਾਈ ਹੇਠਲੀ ਸਿਟ ਵੱਲੋਂ ਚੰਡੀਗੜ੍ਹ ਵਿੱਚ ਅਕਾਲੀ ਦਲ ਦੇ ਪ੍ਰਧਾਨ ਤੋਂ ਪੁੱਛ-ਪੜਤਾਲ ਕੀਤੀ ਜਾਣੀ ਹੈ। ਦੂਜੇ ਪਾਸੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰ ਰਹੀ ਸਿਟ ਵੱਲੋਂ ਵੀ ਸੁਖਬੀਰ ਬਾਦਲ ਤੋਂ 14 ਸਤੰਬਰ ਨੂੰ ਪੁੱਛ ਪੜਤਾਲ ਕੀਤੀ ਜਾਣੀ ਹੈ। ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿੱਚ ਸਾਲ 2015 ਦੌਰਾਨ ਵਾਪਰੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨਾਲ ਜੁੜੇ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਤੇਜ਼ ਹੋ ਗਈ ਹੈ। ਕੋਟਕਪੂਰਾ ਅਤੇ ਬਹਿਬਲ ਕਲਾਂ ਦੀਆਂ ਦੋਵੇਂ ਘਟਨਾਵਾਂ ਇੱਕੋ ਦਿਨ ਵਾਪਰੀਆਂ ਸਨ। ਕੋਟਕਪੂਰਾ ਵਿੱਚ ਸਿੱਖ ਜਥੇਬੰਦੀਆਂ ਦੇ ਇਕੱਠ ਦੌਰਾਨ ਪੁਲੀਸ ਵੱਲੋਂ ਚਲਾਈ ਗੋਲੀ ਕਾਰਨ ਕਈ ਵਿਅਕਤੀ ਜ਼ਖਮੀ ਹੋ ਗਏ ਸਨ ਜਦੋਂ ਕਿ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਦੋ ਵਿਅਕਤੀਆਂ ਦੀ ਪੁਲੀਸ ਦੀਆਂ ਗੋਲੀਆਂ ਨਾਲ ਮੌਤ ਹੋ ਗਈ ਸੀ। ਪੰਜਾਬ ਪੁਲੀਸ ਵੱਲੋਂ ਇਨ੍ਹਾਂ ਮਾਮਲਿਆਂ ਦੀ ਜਾਂਚ ਕਾਂਗਰਸ ਸਰਕਾਰ ਦੇ ਗਠਨ ਤੋਂ ਲੈ ਕੇ ਸਾਲ 2017 ਤੋਂ ਕੀਤੀ ਜਾ ਰਹੀ ਹੈ ਪਰ ਹਾਲੇ ਤੱਕ ਕੋਈ ਸਿੱਟਾ ਨਹੀਂ ਨਿਕਲਿਆ। ਪੁਲੀਸ ਅਧਿਕਾਰੀਆਂ ਮੁਤਾਬਕ ਇਸ ਮਾਮਲੇ ਵਿੱਚ ਹਾਲੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਪੁਲੀਸ ਨੂੰ ਲੋਕਾਂ 'ਤੇ ਗੋਲੀ ਚਲਾਉਣ ਦਾ ਹੁਕਮ ਕਿਸ ਅਧਿਕਾਰੀ ਜਾਂ ਸਿਆਸੀ ਆਗੂ ਨੇ ਦਿੱਤਾ ਸੀ। ਸੁਖਬੀਰ ਬਾਦਲ ਤਤਕਾਲੀ ਅਕਾਲੀ-ਭਾਜਪਾ ਸਰਕਾਰ ਵਿੱਚ ਗ੍ਰਹਿ ਮੰਤਰੀ ਸਨ, ਜਿਸ ਲਈ ਪੁਲੀਸ ਵੱਲੋਂ ਗ੍ਰਹਿ ਮੰਤਰੀ ਤੋਂ ਪੁੱਛ-ਪੜਤਾਲ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਉਕਤ ਦੋਵਾਂ ਘਟਨਾਵਾਂ ਦੇ ਮਾਮਲੇ 'ਤੇ ਵਿਰੋਧੀਆਂ ਵੱਲੋਂ ਬਾਦਲ ਪਰਿਵਾਰ ਨੂੰ ਲਗਾਤਾਰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। ਸੁਖਬੀਰ ਸਿੰਘ ਬਾਦਲ ਨੂੰ ਕੋਟਕਪੂਰਾ ਗੋਲੀ ਕਾਂਡ ਨਾਲ ਸਬੰਧਤ ਜਾਂਚ ਲਈ 30 ਅਗਸਤ ਨੂੰ ਸੱਦਿਆ ਗਿਆ ਸੀ ਪਰ ਜ਼ੀਰਾ ਦੀ ਅਦਾਲਤ ਵਿੱਚ ਇੱਕ ਫੌਜਦਾਰੀ ਮਾਮਲੇ ਵਿੱਚ ਪੇਸ਼ੀ ਹੋਣ ਕਰਕੇ ਉਹ ਪੇਸ਼ ਨਹੀਂ ਸੀ ਹੋ ਸਕੇ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਾ ਕਹਿਣਾ ਹੈ ਕਿ ਪੰਜਾਬ ਪੁਲੀਸ ਦੀ ਕੋਈ ਵੀ ਵਿਸ਼ੇਸ਼ ਜਾਂਚ ਟੀਮ ਸੁਖਬੀਰ ਸਿੰਘ ਬਾਦਲ ਜਾਂ ਕਿਸੇ ਹੋਰ ਆਗੂ ਨੂੰ ਪੁੱਛ-ਪੜਤਾਲ ਲਈ ਸੱਦਦੀ ਹੈ ਤਾਂ ਪੂਰਾ ਸਹਿਯੋਗ ਦਿੱਤਾ ਜਾਵੇਗਾ।



# ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਮੰਤਰੀ ਕੋਲੋਂ ਮੁੜ ਸਮਾਂ ਮੰਗਿਆ

ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁੜ ਪੱਤਰ ਭੇਜ ਕੇ ਗੱਲਬਾਤ ਕਰਨ ਲਈ ਸਮਾਂ ਦੇਣ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਭਲਕੇ ਇਸ ਮਾਮਲੇ ਸਬੰਧੀ ਸਿੱਖ ਸੰਸਥਾ ਦੇ ਸਮੂਹ ਮੈਂਬਰਾਂ ਦੀ ਵਿਸ਼ੇਸ਼ ਮੀਟਿੰਗ ਵੀ ਸੱਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਮਰ ਕੈਦ ਤੋਂ ਵੱਧ ਸਜ਼ਾਵਾਂ ਭੁਗਤਣ ਦੇ ਬਾਵਜੂਦ ਕਈ ਸਿੱਖ ਕੈਦੀ ਅਜੇ ਤੱਕ ਦੇਸ਼ ਦੀਆਂ ਜੇਲ੍ਹਾਂ ਅੰਦਰ ਬੰਦ ਹਨ। ਸਿੱਖ ਭਾਈਚਾਰਾ ਉਨ੍ਹਾਂ ਦੀ ਰਿਹਾਈ ਚਾਹੁੰਦਾ ਹੈ, ਇਸ ਲਈ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੂੰ ਮੁਲਾਕਾਤ ਲਈ ਸਮਾਂ ਦਿੱਤਾ ਜਾਵੇ। ਉਨ੍ਹਾਂ ਪੱਤਰ ਵਿਚ ਉਨ੍ਹਾਂ ਨੌਂ ਸਿੱਖ ਕੈਦੀਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ, ਜੋ ਲੰਮੀਆਂ ਸਜ਼ਾਵਾਂ ਭੁਗਤਣ ਮਗਰੋਂ ਵੀ ਰਿਹਾਅ ਨਹੀਂ ਕੀਤੇ ਗਏ।



# ਟੈਂਡਰ ਘੁਟਾਲਾ : ਆਸ਼ੂ ਨੂੰ ਪਟਿਆਲਾ ਜੇਲ੍ਹ ਭੇਜਿਆ

ਲੁਧਿਆਣਾ-ਦਾਣਾ ਮੰਡੀ ਟਰਾਂਸਪੋਰਟੇਸ਼ਨ ਟੈਂਡਰ ਘੁਟਾਲੇ 'ਚ ਗ੍ਰਿਫ਼ਤਾਰ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਸਥਾਨਕ ਕੋਰਟ ਨੇ ਅੱਜ ਨਿਆਂਇਕ ਰਿਮਾਂਡ ਤਹਿਤ ਜੇਲ੍ਹ ਭੇਜ ਦਿੱਤਾ ਹੈ। ਲੁਧਿਆਣਾ ਜੇਲ੍ਹ ਵਿੱਚ ਥਾਂ ਤੇ ਸੁਰੱਖਿਆ ਦੀ ਘਾਟ ਕਰਕੇ ਸਾਬਕਾ ਮੰਤਰੀ ਨੂੰ ਪਟਿਆਲਾ ਦੀ ਕੇਂਦਰੀ ਜੇਲ੍ਹ ਭੇਜ ਦਿੱਤਾ ਗਿਆ। ਆਸ਼ੂ ਨੂੰ 8 ਦਿਨਾਂ ਦਾ ਰਿਮਾਂਡ ਖਤਮ ਹੋਣ ਤੋਂ ਬਾਅਦ ਅੱਜ ਚੌਥੀ ਵਾਰ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਵਿਜੀਲੈਂਸ ਟੀਮ ਨੇ *(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca








# ਐਬਟਸਫੋਰਡ 'ਚ ਕਮਲਜੀਤ ਕੌਰ ਸੰਧੂ ਦੀ ਯਾਦ ਵਿਚ ਮੋਮਬੱਤੀਆਂ ਜਗਾ ਕੇ ਸ਼ਰਧਾਂਜਲੀ ਭੇਂਟ

ਐਬਟਸਫੋਰਡ-ਘਰੇਲੂ ਹਿੰਸਾ ਦੀ ਸ਼ਿਕਾਰ ਹੋਈ ਮਰਹੂਮ ਕਮਲਜੀਤ ਕੌਰ ਸੰਧੂ ਦੀ ਯਾਦ ਵਿਚ ਐਬਟਸਫੋਰਡ ਵਿਚ ਬੀਤੇ ਦਿਨ ਸਿਟੀ ਹੱਲ ਐਬਸਫੋਰਡ ਦੇ ਸਾਹਮਣੇ ਮੋਮਬੱਤੀਆਂ ਜਗਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ 'ਤੇ ਵੱਖ-ਵੱਖ ਸ਼ਖ਼ਸੀਅਤਾਂ ਨੇ ਮਰਹੂਮ ਕਮਲਜੀਤ ਕੌਰ ਸੰਧੂ ਨੂੰ ਜਿੱਥੇ ਯਾਦ ਕੀਤਾ, ਉਥੇ ਘਰੇਲੂ ਹਿੰਸਾ ਦੀ ਜ਼ੋਰਦਾਰ ਸ਼ਬਦਾਂ 'ਚ ਨਿਖੇਧੀ ਕੀਤੀ। ਸਰੀ ਅਤੇ ਐਬਟਸਫੋਰਡ ਦੀਆਂ ਮਾਨਵ-ਹੱਕੀ ਸੰਸਥਾਵਾਂ ਦੀਆਂ ਨੁਮਾਇੰਦਾ ਇਸਤਰੀਆਂ ਨੇ ਭਾਵਪੂਰਤ ਸ਼ਬਦਾਂ ਵਿੱਚ, ਔਰਤਾਂ ਖ਼ਿਲਾਫ਼ ਵਧ ਰਹੀ ਹਿੰਸਾ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਅਹਿਮ ਉਪਰਾਲੇ ਕੀਤੇ ਜਾਣ, ਤਾਂ ਕਿ ਹਿੰਸਾ ਨੂੰ ਰੋਕਿਆ ਜਾ ਸਕੇ। ਦੂਜੇ ਪਾਸੇ ਔਰਤਾਂ 'ਤੇ ਹਿੰਸਾ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੀ ਵੀ ਪੁਰਜ਼ੋਰ ਸ਼ਬਦਾਂ ਵਿਚ ਮੰਗ ਕੀਤੀ ਗਈ। ਇਸ ਮੌਕੇ ਤੇ ਸ਼ਾਮਲ ਬੁਲਾਰਿਆਂ ਵਿਚ ਐਬਟਸਫੋਰਡ ਦੀ ਕੌਂਸਲਰ ਕੁਲਦੀਪ ਕੈਲੀ ਚਾਹਲ, ਸਰੀ ਤੋਂ ਸਕੂਲ ਟਰੱਸਟੀ ਲਈ ਉਮੀਦਵਾਰ ਦੀਪਿੰਦਰ ਕੌਰ ਸਰਾਂ, ਐਬਟਸਫੋਰਡ ਤੋਂ ਸਿਟੀ ਕੌਂਸਲ ਦੇ ਮੇਅਰ ਲਈ ਉਮੀਦਵਾਰ ਮਨਜੀਤ ਸਿੰਘ ਸੋਹੀ ਅਤੇ ਸਮਾਗਮ ਦੀ ਮੁੱਖ ਪ੍ਰਬੰਧਕ ਬੀਬੀ ਸੰਤੋਸ਼ ਸਮੇਤ ਵੱਖ ਵੱਖ ਵਿਅਕਤੀ ਸ਼ਾਮਿਲ ਸਨ। ਜ਼ਿਕਰਯੋਗ ਹੈ ਕਿ ਐਬਟਸਫੋਰਡ ਵਾਸੀ ਬੀਬੀ ਕਮਲਜੀਤ ਕੌਰ ਦਾ ਬੀਤੇ ਦਿਨੀਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ ਅਤੇ ਇਸ ਦੋਸ਼ ਵਿਚ ਉਸ ਦੇ ਪਤੀ 48 ਸਾਲਾ ਇੰਦਰਜੀਤ ਸੰਧੂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕਮਲਜੀਤ ਕੌਰ ਸੰਧੂ ਰਾਇਲ ਬੈਂਕ ਕੈਨੇਡਾ ਚ ਕੰਮ ਕਰਦੀ ਸੀ ਅਤੇ ਬਹੁਤ ਹੀ ਸਾਊ ਸੁਭਾਅ ਦੀ ਮਾਲਕ ਸੀ। ਮ੍ਰਿਤਕਾ ਦੇ ਵੱਡਾ ਪੁੱਤਰ ਯੂਨੀਵਰਸਿਟੀ 'ਚ ਉੱਚ ਵਿੱਦਿਆ ਹਾਸਲ ਕਰ ਰਿਹਾ ਹੈ, ਜਦਕਿ ਛੋਟੀ ਧੀ ਸਕੂਲ ਵਿਚ ਪੜ੍ਹਦੀ ਹੈ। ਪੁਲਿਸ ਅਨੁਸਾਰ ਇਹ ਕਤਲ ਘਰੇਲੂ ਹਿੰਸਾ ਦਾ ਮਾਮਲਾ ਹੈ, ਜਿਸ ਵਿਚ ਮ੍ਰਿਤਕਾ ਦੇ ਪਤੀ ਨੂੰ ਸ਼ਰਮਨਾਕ ਕਾਰੇ ਲਈ ਫਸਟ ਡਿਗਰੀ ਮਰਡਰ ਚਾਰਜ ਅਧੀਨ ਗ੍ਰਿਫ਼ਤਾਰ ਕੀਤਾ ਗਿਆ ਹੈ। ਭਰੋਸੇਯੋਗ ਵੇਰਵਿਆਂ ਅਨੁਸਾਰ ਕਥਿਤ ਦੋਸ਼ੀ ਨੇ ਕਮਲਜੀਤ ਕੌਰ ਨੂੰ ਕੰਮ ਤੋਂ ਸੱਦਿਆ ਅਤੇ ਘਰੇ ਸੱਦ ਕੇ ਬੇਰਹਿਮੀ ਨਾਲ ਕਤਲ ਕੀਤਾ। ਹਤਿਆਰੇ ਨੇ ਮ੍ਰਿਤਕਾ ਤੇ ਤੇਜ਼ਧਾਰ ਹਥਿਆਰ ਕੁਹਾੜੇ ਦੀ ਵਰਤੋਂ ਕਰਦਿਆਂ ਗੰਭੀਰ ਜ਼ਖ਼ਮ ਕੀਤੇ, ਜੋ ਜਾਨਲੇਵਾ ਸਿੱਧ ਹੋਏ। ਐਬਸਫੋਰਡ ਵਾਸੀ ਬੀਬੀ ਸੰਤੋਸ਼ ਨੇ ਦੱਸਿਆ ਕਿ ਮ੍ਰਿਤਕ ਕਮਲਜੀਤ ਕੌਰ ਸੰਧੂ ਨੂੰ ਸਿਵਿਕ ਪਾਰਕ ਸਿਟੀ ਹਾਲ ਐਬਟਸਫੋਰਡ ਵਿਚ ਮੋਮਬੱਤੀਆਂ ਜਗਾ ਕੇ ਸ਼ਰਧਾਂਜਲੀ ਭੇਟ ਕਰਨ ਪੁੱਜੀਆਂ ਸਮੂਹ ਸ਼ਖ਼ਸੀਅਤਾਂ ਨੇ ਪੀੜਤ ਇਸਤਰੀ ਅਤੇ ਸਮੂਹ ਪਰਿਵਾਰ ਲਈ 'ਹਾਅ ਦਾ ਨਾਅਰਾ' ਮਾਰਿਆ।




## 'ਸਾਰਾਗੜ੍ਹੀ' ਦੇ ਸ਼ਹੀਦਾਂ ਦੀ ਯਾਦ 'ਚ ਸਰੀ ਵਿਖੇ ਵਿਸ਼ੇਸ਼ ਸ਼ਰਧਾਂਜਲੀ ਸਮਾਰੋਹ 12 ਨੂੰ

ਸਰੀ-ਸਾਰਾਗੜ੍ਹੀ ਦੀ ਮਹਾਂਕਾਵਿ ਲੜਾਈ ਦਾ ਸਭ ਤੋਂ ਉੱਚਾ ਬਹਾਦਰੀ ਲੜਾਈ ਸਨਮਾਨ ਦਿਵਸ 12 ਸਤੰਬਰ, 2022 (ਸੋਮਵਾਰ) ਨੂੰ ਸ਼ਾਮ 6.30 ਵਜੇ ਰਿਵਰਸਾਈਡ ਸਿਗਨੇਚਰ ਬੈਂਕੁਇਟ ਹਾਲ-13030-76 ਏ. ਵੀ. ਈ., ਸਰੀ ਬੀ. ਸੀ. ਵਿਖੇ ਮਨਾਇਆ ਜਾ ਰਿਹਾ ਹੈ। ਭਾਰਤੀ ਹਥਿਆਰਬੰਦ ਬਲਾਂ ਦੇ ਸਾਰੇ ਸਾਬਕਾ ਸੈਨਿਕਾਂ ਨੂੰ ਆਪਣੀਆਂ ਸੁਪਤਨੀਆਂ ਨਾਲ ਇਸ ਮੌਕੇ 'ਤੇ ਹਾਜ਼ਰ ਹੋਣ ਲਈ ਆਦਰ ਪੂਰਵਕ ਸੱਦਾ ਦਿੱਤਾ ਜਾਂਦਾ ਹੈ। ਇਸ ਮੌਕੇ 'ਤੇ ਹਾਜ਼ਰ ਹੋਣ ਦੀ ਪੁਸ਼ਟੀ ਬਾਰੇ ਕਿਰਪਾ ਕਰਕੇ 09 ਸਤੰਬਰ, 2022 ਤੱਕ ਸਕਾਰਾਤਮਕ ਤੌਰ 'ਤੇ ਫ਼ੋਨ ਨੰਬਰ 604-501-3939 'ਤੇ ਜਾਂ ਈਮੇਲ indianexservicemen@yahoo.com 'ਤੇ ਸੂਚਿਤ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਕੈਪਟਨ (ਸੇਵਾ ਮੁਕਤ) ਮੋਹਿੰਦਰ ਸਿੰਘ ਜਸਵਾਲ ਨਾਲ ਇਸੇ ਟੈਲੀਫ਼ੋਨ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।






# ਸਰੀ ਕੌਂਸਲਰ ਜੈਕ ਹੁੰਦਲ ਵਲੋਂ ਹੁਣ ਪੈਨਟਿਕਟਨ ਤੋ ਚੋਣ ਲੜਨ ਦੀ ਤਿਆਰੀ



ਸਰੀ-ਸੇਵਾ ਮੁਕਤ ਆਰਸੀਐਮਪੀ ਅਫਸਰ ਜੈਕ ਹੁੰਦਲ ਜਿਹੜਾ ਮੌਜੂਦਾ ਸਮੇਂ ਸਰੀ ਵਿਚ ਸਿਟੀ ਕੌਂਸਲਰ ਹੈ ਆਪਣਾ ਸਿਆਸੀ ਕੈਰੀਅਰ ਪੇਨਟਿਕਟਨ ਸ਼ਹਿਰ ਵਿਚ ਲਿਜਾਣ ਦੀ ਆਸ ਕਰ ਰਿਹਾ ਹੈ। ਹੁੰਦਲ ਨੇ ਮੰਗਲਵਾਰ ਪੇਨਟਿਕਟਨ ਸਿਟੀ ਵਿਚ ਸਿਆਸੀ ਕਿਸਮਤ ਅਜਮਾਉਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਹੈ ਜਿਥੇ ਉਹ ਹਾਲ ਹੀ ਵਿਚ ਫੋਰਟਿਸਬੀਸੀ ਨਾਲ ਇਕ ਤਫਤੀਸ਼ਕਾਰ ਵਜੋਂ ਕੰਮ ਕਰਨ ਲਈ ਆਪਣੀ ਪਰਿਵਾਰ ਨਾਲ ਸ਼ਿਫਟ ਹੋ ਗਿਆ ਹੈ। ਉਸ ਦੀ ਮੁਹਿੰਮ ਦਾ ਮੁੱਖ ਨਾਅਰਾ ਕਮਿਊਨਿਟੀ ਸੁਰੱਖਿਆ ਤੇ ਕਿਫਾਇਤੀ ਘਰ ਹਨ। ਹੁੰਦਲ ਨੇ ਇਕ ਪ੍ਰੈਸ ਰਿਲੀਜ਼ ਵਿਚ ਕਿਹਾ ਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਪੇਨਟਿਕਟਨ ਵਿਚ ਹਰ ਕੋਈ ਸੁਰੱਖਿਅਤ ਮਹਿਸੂਸ ਕਰੇ, ਚਾਹੇ ਉਹ ਆਪਣੇ ਪਰਿਵਾਰ ਨਾਲ ਸੜਕ 'ਤੇ ਘੁੰਮ ਰਿਹਾ ਹੋਵੇ ਤਾਂ ਆਪਣਾ ਕਾਰੋਬਾਰ ਚਲਾ ਰਿਹਾ ਹੋਵੇ। ਹੁੰਦਲ ਜਿਸ ਦਾ ਜਨਮ ਤੇ ਪਾਲਣ ਪੋਸ਼ਣ ਟੈਰੇਸ ਵਿਚ ਹੋਇਆ ਸੀ ਤੇ ਸਟਾਫ ਸਾਰਜੈਂਟ ਦੇ ਰੈਂਕ 'ਤੇ ਪਹੁੰਚਣ ਪਿੱਛੋਂ 2017 ਵਿਚ ਆਰਸੀਐਮਪੀ ਤੋਂ ਸੇਵਾਮੁਕਤ ਹੋਇਆ ਸੀ 2018 ਵਿਚ ਸੇਫ ਸਰੀ ਕੁਲੀਸ਼ਨ ਦੇ ਹਿੱਸੇ ਵਜੋਂ ਕੌਂਸਲਰ ਚੁਣਿਆਂ ਗਿਆ ਸੀ ਜਿਹੜੀ ਸਰੀ ਵਿਚ ਨਵੀਂ ਮਿਉਂਸਪਲ ਪੁਲਿਸ ਫੋਰਸ ਬਣਾਉਣ ਦੇ ਵਾਅਦੇ ਨਾਲ ਸੱਤਾ ਵਿਚ ਆਈ ਸੀ ਪਰ ਉਸ ਨੇ ਮੇਅਰ ਡੱਗ ਮੈਕਲਮ ਦੇ ਪੁਲਿਸ ਟਰਾਂਜ਼ੀਸ਼ਨ ਨਾਲ ਨਜਿੱਠਣ ਬਾਰੇ ਚਿੰਤਾਵਾਂ ਦਰਮਿਆਨ 2019 ਵਿਚ ਕੁਲੀਸ਼ਨ ਨੂੰ ਛੱਡ ਦਿੱਤਾ ਸੀ।

# ਮਨਜੀਤ ਸਿੰਘ ਸੋਹੀ ਐਬਟਸਫੋਰਡ ਦੇ ਮੇਅਰ ਲਈ ਉਮੀਦਵਾਰ ਬਣੇ



ਐਬਟਸਫੋਰਡ (ਸ. ਸ. ਚੋਹਲਾ)-ਸਥਾਨਕ ਪੰਜਾਬੀ ਭਾਈਚਾਰੇ ਦੀ ਸ਼ਖਸੀਅਤ ਮਨਜੀਤ ਸਿੰਘ ਸੋਹੀ ਨੇ ਐਬਟਸਫੋਰਡ ਦੇ ਮੇਅਰ ਦੀ ਚੋਣ ਲੜਨ ਦਾ ਐਲਾਨ ਕੀਤਾ ਹੈ। ਸੋਹੀ ਨੇ ਬਰੂਸ ਬੈਨਮੈਨ ਦੀ ਖਾਲੀ ਹੋਈ ਸੀਟ ਲਈ ਸਤੰਬਰ ਵਿਚ ਜ਼ਿਮਨੀ ਚੋਣ ਲੜੀ ਸੀ ਅਤੇ ਉਹ 2302 ਵੋਟਾਂ ਨਾਲ ਤੀਸਰੇ ਸਥਾਨ 'ਤੇ ਰਿਹਾ ਸੀ। ਇਥੇ ਜਾਰੀ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਗਿਆ ਹੈ ਕਿ ਉਸ ਕੋਲ ਚੀਫ ਬਿਲਡਿੰਗ ਇੰਸਪੈਕਟਰ, ਵਪਾਰਕ ਯੋਜਨਾ ਐਗਜ਼ਾਮੀਨਰ, ਸੈਕੰਡਰੀ ਸੂਟ ਕੋਆਰਡੀਨੇਟਰ ਅਤੇ ਬਿਲਡਿੰਗ ਪਰਮਿਟ ਤੇ ਲਾਇਸੰਸਾਂ ਲਈ ਮਿਉਂਸਪਲ ਸਰਕਾਰ ਵਿਚ 25 ਸਾਲ ਕੰਮ ਕਰਨ ਦਾ ਤਜਰਬਾ ਹੈ। ਉਸ ਕੋਲ ਐਬਟਸਫੋਰਡ ਸਮੇਤ ਪੰਜ ਵੱਖ ਵੱਖ ਮਿਉਂਸਪਲਟੀਜ਼ ਵਿਚ ਕੰਮ ਕਰਨ ਦਾ ਤਜਰਬਾ ਹੈ। ਉਹ 2002 ਤੋਂ ਸਥਾਨਕ ਖੇਡ ਸੰਸਥਾਵਾਂ ਵਿਚ ਸ਼ਾਮਿਲ ਰਿਹਾ ਹੈ। ਸੋਹੀ ਪਿਛਲੇ 33 ਸਾਲਾਂ ਤੋਂ ਐਬਟਸਫੋਰਡ ਵਿਚ ਰਹਿ ਰਿਹਾ ਹੈ ਅਤੇ ਉਸ ਨੇ ਕਈ ਵੱਖ ਵੱਖ ਸੰਗਠਨਾਂ ਵਿਚ ਲੀਡਰਸ਼ਿਪ ਦੀ ਭੂਮਿਕਾ ਵੀ ਨਿਭਾਈ ਹੈ। ਉਹ ਬੀਸੀ ਦੀ ਬਿਲਡਿੰਗ ਆਫੀਸ਼ਲਜ਼ ਐਸੋਸੀਏਸ਼ਨ ਦਾ ਬੀਤੇ ਸਮੇਂ ਵਿਚ ਪ੍ਰਧਾਨ, ਫਰੇਜ਼ਰ ਰਿਵਰ ਕਮਿਊਨਿਟੀ ਕ੍ਰੀਮੇਟੋਰੀਅਮ ਸੁਸਾਇਟੀ ਦਾ ਮੌਜੂਦਾ ਪ੍ਰਧਾਨ, ਐਬਟਸਫੋਰਡ ਯੂਨਾਈਟਡ ਸਪੋਰਟਸ ਕਲੱਬ ਲਈ ਵਰਤਮਾਨ ਬੁਲਾਰਾ ਅਤੇ ਹਾਲ ਹੀ ਵਿਚ ਵੈਨਕੂਵਰ ਸ਼ਹਿਰ ਦੇ ਆਡੀਟਰ ਜਨਰਲ ਦੇ ਦਫ਼ਤਰ ਲਈ ਵਿਸ਼ੇਸ਼ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਉਹ ਉਸਾਰੀ ਅਤੇ ਬਿਲਡਿੰਗ ਪਰਮਿਟ ਦੇ ਵੇਰਵਿਆਂ ਵਿਚ ਆਪਣੇ ਵਿਚਾਰ ਸਾਂਝੇ ਕਰਦਾ ਹੈ। ਉਸ ਦਾ ਕਹਿਣਾ ਕਿ ਵੱਖ ਵੱਖ ਸਮੱਸਿਆਵਾਂ ਦੇ ਰੂਬਰੂ ਐਬਟਸਫੋਰਡ ਨੂੰ ਨਵੇਂ ਹੱਲਾਂ ਦੀ ਲੋੜ ਹੈ। ਐਬਟਸਫੋਰਡ ਦੇ ਵਾਸੀ ਅਸਲੀ ਸਮੱਸਿਆਵਾਂ ਦੇ ਅਸਲੀ ਹੱਲ ਦੀ ਮੰਗ ਕਰ ਰਹੇ ਹਨ ਜਿਸ ਦਾ ਅੱਜ ਅਸੀਂ ਸਾਹਮਣਾ ਕਰ ਰਹੇ ਹਾਂ ਅਤੇ ਨੇੜਲੇ ਭਵਿੱਖ ਵਿਚ ਅਸੀਂ ਉਨ੍ਹਾਂ ਦਾ ਸਾਹਮਣਾ ਕਰਾਂਗੇ। ਵਿਸ਼ਵ ਭਰ ਦੀ ਮਹਿੰਗਾਈ, ਪੌਣਪਾਣੀ ਤਬਦੀਲੀ ਤੇ ਮਕਾਨਾਂ ਦੇ ਸੰਕਟ ਤੋਂ ਅਸੀਂ ਅਛੂਤੇ ਨਹੀਂ ਹਾਂ। ਸੋਹੀ ਰੋਸ ਸੀਮੈਂਸ ਨਾਲ ਦੂਸਰਾ ਉਮੀਦਵਾਰ ਬਣ ਗਿਆ ਜਿਸ ਨੇ 27 ਜੂਨ ਨੂੰ ਮੇਅਰ ਦੀ ਚੋਣ ਵਿਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਸੀ।

## ਰੂਪੀ ਕੰਡਾ-ਰਾਜਵਾਨ ਵਲੋਂ ਐਬਟਸਫੋਰਡ ਸਕੂਲ ਟਰੱਸਟੀ ਲਈ ਉਮੀਦਵਾਰੀ ਦਾ ਐਲਾਨ



ਸਰੀ-ਰੂਪੀ ਕਾਂਡਾ-ਰਾਜਵਾਨ ਐਬਸਟਫੋਰਡ ਸਕੂਲ ਟਰੱਸਟੀ ਦੀ ਦੌੜ ਵਿਚ ਸ਼ਾਮਿਲ ਹੋ ਗਈ ਹੈ। ਕਾਂਡਾ-ਰਾਜਵਾਨ ਇਕ ਸਾਬਕਾ ਡੇਅ ਕੇਅਰ ਮਾਲਕ / ਆਪਰੇਟਰ ਹੈ ਜਿਸ ਵਿਚ ਕਮਿਊਨਿਟੀ ਦੀ ਸ਼ਮੂਲੀਅਤ ਤੇ ਨੌਜਵਾਨਾਂ ਦੇ ਵਿਕਾਸ ਲਈ ਜਨੂੰਨ ਹੈ। ਯੂਨੀਵਰਸਿਟੀ ਆਫ ਫਰੇਜ਼ਰ ਵੈਲੀ ਤੋਂ ਚਾਈਲਡ ਐਂਡ ਯੂਥ ਕੇਅਰ ਵਿਚ ਬੈਚੂਲਰ ਆਫ ਆਰਟਸ ਦੀ ਡਿਗਰੀ ਦੇ ਨਾਲ ਨਾਲ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕਾਂਡਾ-ਰਾਜਵਾਨ ਮੌਜੂਦਾ ਸਮੇਂ ਨੌਰਦਰਨ ਲਾਈਟਸ ਕਾਲਜ ਵਿਖੇ ਅਰਲੀ ਚਾਈਲਡਹੁੱਡ ਸਿੱਖਿਆ ਪੜ੍ਹਾ ਰਹੀ ਹੈ।



# ਬਰੈਂਪਟਨ ਵਿਚ ਕੌਮਾਂਤਰੀ ਵਿਦਿਆਰਥੀ ਭਿੜੇ-ਝਗੜੇ ਦੌਰਾਨ ਤਲਵਾਰਾਂ ਦੀ ਵਰਤੋਂ

ਟੋਰਾਂਟੋ-ਪਿਛਲੇ ਦਿਨੀ ਬਰੈਂਪਟਨ ਦੀ ਇਕ ਪਾਰਕਿੰਗ ਲਾਟ ਵਿਚ ਕੌਮਾਂਤਰੀ ਵਿਦਿਆਰਥੀ ਵਿਚਾਲੇ ਲੜਾਈ ਤੇ ਮਾਰਕੁਟਾਈ ਦੀ ਭਾਰੀ ਚਰਚਾ ਹੈ। ਇਸ ਲੜਾਈ ਦੀ ਵੀਡੀਓ ਜਿਹੜੀ ਵਾਇਰਲ ਹੋਈ ਹੈ ਜਿਸਤੋ ਪਤਾ ਲਗਦਾ ਹੈ ਕਿ ਲੜਾਈ ਵਿਚ ਘੱਟੋ ਘੱਟ ਇਕ ਦਰਜਨ ਵਿਅਕਤੀ ਸ਼ਾਮਿਲ ਸਨ ਅਤੇ ਇਕ ਵਿਅਕਤੀ ਤਲਵਾਰ ਲਹਿਰਾ ਰਿਹਾ ਸੀ। ਲੜਾਈ ਵਿਚ ਸ਼ਾਮਿਲ ਕਈ ਵਿਅਕਤੀਆਂ ਦੇ ਮਾਮੂਲੀ ਸੱਟਾਂ ਲੱਗੀਆਂ ਹਨ। ਵੀਡੀਓ ਵਿਚ ਦਿਸ ਰਿਹਾ ਹੈ ਕਿ ਲੜਾਈ ਵਿਚ ਸ਼ਾਮਿਲ ਵਿਅਕਤੀ ਇਕ ਦੂਸਰੇ ਦੇ ਘਸੁੰਨ ਮਾਰ ਰਹੇ ਹਨ ਅਤੇ ਜਿਹੜਾ ਜ਼ਮੀਨ 'ਤੇ ਡਿਗ ਪਿਆ ਉਸ ਦੇ ਕਈ ਦੂਸਰਿਆਂ ਨੇ ਠੁੱਡਾਂ ਮਾਰੀਆਂ। ਪੀਲ ਪੁਲਿਸ ਦੇ ਡਿਪਟੀ ਚੀਫ ਨਿਕ ਮਿਲੀਨੋਵਿਕ ਨੇ ਇਕ ਪ੍ਰੈਸ ਕਾਨਫਰੰਸ ਵਿਖੇ ਮੁੱਦੇ ਦਾ ਜ਼ਿਕਰ ਕੀਤਾ। ਮਿਲੀਨੋਵਿਚ ਨੇ ਕਿਹਾ ਕਿ ਪੁਲਿਸ ਸਰਵਿਸ ਵਜੋਂ ਸਾਨੂੰ ਇਸ ਬਾਰੇ ਪਤਾ ਹੈ। ਅਸੀਂ ਜਾਂਚ ਕਰ ਰਹੇ ਹਾਂ ਅਤੇ ਲੋੜੀਂਦੇ ਵਿਅਕਤੀਆਂ ਦੀ ਪਛਾਣ ਕਰ ਰਹੇ ਹਾਂ। ਜਦੋਂ ਲੋਕ ਕਮਿਊਨਿਟੀ ਨੂੰ ਨਿਸ਼ਾਨਾ ਬਣਾਉਂਦੇ ਹਨ ਤਾਂ ਸਾਡੀ ਪੁਲਿਸ ਸਰਵਿਸ ਉਨ੍ਹਾਂ ਨੂੰ ਜਵਾਬਦੇਹ ਬਣਾਉਣ ਲਈ ਵਚਨਬੱਧ ਹੈ। ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ ਸੋਸ਼ਲ ਮੀਡੀਆ 'ਤੇ ਲੜਾਈ ਦੀ ਨਿਖੇਧੀ ਕੀਤੀ ਹੈ। ਬਰਾਊਨ ਨੇ ਲਿਖਿਆ ਕਿ ਕਾਲਜ ਪਲਾਜ਼ਾ ਵਿਖੇ ਘਟਨਾ ਦੀ ਵੀਡੀਓ ਪ੍ਰੇਸ਼ਾਨ ਕਰਨ ਵਾਲੀ ਹੈ ਅਤੇ ਪੁਲਿਸ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਇਸ ਤਰ੍ਹਾਂ ਦਾ ਵਰਤਾਅ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਮੁੜ ਚੋਣ ਲੜ ਰਹੀ ਹੈ ਸਰੀ ਫਸਟ ਐਜੂਕੇਸ਼ਨ ਟੀਮ



ਸਰੀ-ਆ ਰਹੀਆਂ ਸਿਵਿਕ ਚੋਣਾਂ ਵਿਚ ਸਰੀ ਫਸਟ ਐਜੂਕੇਸ਼ਨ ਟੀਮ ਮੁੜ ਚੋਣ ਲੜ ਰਹੀ ਹੈ। ਬੁੱਧਵਾਰ ਜਾਰੀ ਇਕ ਰਿਲੀਜ਼ ਸਰੀ ਫਸਟ ਐਜੂਕੇਸ਼ਨ ਸੁਸਾਇਟੀ ਨੇ ਐਲਾਨ ਕੀਤਾ ਕਿ ਲੌਰੀ ਲਾਰਸਨ, ਟੇਰੀ ਐਲਨ, ਬੌਬੀ ਹੋਮਜ਼, ਗੈਰੀ ਥਿੰਦ, ਗੈਰੀ ਟਾਇਮੋਸਚੁਕ ਅਤੇ ਸ਼ੌਨ ਵਿਲਸਨ 15 ਅਕਤੂਬਰ ਦੀ ਚੋਣ ਲੜ ਰਹੇ ਹਨ। ਲਾਰਸਨ ਸਰੀ ਬੋਰਡ ਆਫ ਐਜੂਕੇਸ਼ਨ ਦੇ ਚੇਅਰ ਜਦਕਿ ਐਲਨ ਉਪ ਚੇਅਰ ਹਨ। ਸਰੀ ਫਸਟ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਟਾਇਮੋਸਚੁਕ ਨੇ ਕਿਹਾ ਕਿ ਸਾਡੇ ਕੋਲ ਜਨਤਕ ਸਿੱਖਿਆ ਲਈ ਪ੍ਰਦਰਸ਼ਤ ਲੀਡਰਸ਼ਿਪ ਹੁਨਰਾਂ ਵਾਲੀ ਟੀਮ ਹੈ। ਸਰੀ ਫਸਟ ਐਜੂਕੇਸ਼ਨ ਟੀਮ ਦੇ ਵਿਲਸਨ 1999 ਤੋਂ ਲੰਬੇ ਸਮੇਂ ਤੋਂ ਬੋਰਡ ਵਿਚ ਚਲੇ ਆ ਰਹੇ ਹਨ। ਐਲਨ 2002 ਵਿਚ ਚੁਣਿਆਂ ਗਿਆ ਸੀ ਅਤੇ ਲਾਰਸਨ ਪਹਿਲੀ ਵਾਰ 2008 ਵਿਚ ਚੁਣੇ ਗਏ ਸਨ। ਹੋਮਜ਼, ਥਿੰਦ ਤੇ ਟਾਇਮੋਸਚੁਕ ਸਾਰੇ 2014 ਵਿਚ ਚੁਣੇ ਗਏ ਸਨ ਅਤੇ ਟਾਇਮੋਸਚੁਕ ਤਾਂ ਪਹਿਲਾਂ ਵੀ 1996 ਤੋਂ 1999 ਤਕ ਬੋਰਡ ਲਈ ਚੁਣਿਆਂ ਗਿਆ ਸੀ। ਐਜੂਕੇਸ਼ਨ ਬੋਰਡ ਦੀਆਂ 7 ਸੀਟਾਂ ਵਿਚੋਂ ਸਰੀ ਫਸਟ ਐਜੂਕੇਸ਼ਨ ਟੀਮ ਕੋਲ 6 ਸੀਟਾਂ ਹਨ।

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ



• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

# ਕੈਨੇਡਾ ਇਮੀਗ੍ਰੇਸ਼ਨ ਬੈਕਲਾਗ ਦੀ ਵਿਕਰਾਲ ਸਮੱਸਿਆ

ਸੁਖਵਿੰਦਰ ਸਿੰਘ ਚੋਹਲਾ

ਕੋਵਿਡ ਮਹਾਂਮਾਰੀ ਉਪਰੰਤ ਕੈਨੇਡਾ ਇਮੀਗ੍ਰੇਸ਼ਨ ਅਰਜੀਆਂ ਦਾ ਵੱਡਾ ਢੇਰ ਜੋ ਕਿ 24 ਲੱਖ ਤੋਂ ਹੋਕੇ ਮੁੜਿਆ ਹੈ ਅੱਜ ਵੀ ਵਿਭਾਗ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਇਮੀਗ੍ਰੇਸ਼ਨ ਮੰਤਰੀ ਜੀਨ ਫਰੇਜਰ ਨੇ ਭਾਵੇਂਕਿ ਪਹਿਲਾਂ ਇਹ ਦਾਅਵਾ ਕੀਤਾ ਸੀ ਵਿਭਾਗ ਇਮੀਗ੍ਰੇਸ਼ਨ ਅਰਜੀਆਂ ਦੇ ਜਲਦ ਨਿਪਟਾਰੇ ਲਈ ਤੇਜੀ ਨਾਲ ਕੰਮ ਕਰ ਰਿਹਾ ਹੈ ਤੇ ਉਹਨਾਂ ਉਮੀਦ ਪ੍ਰਗਟਾਈ ਸੀ ਇਸ ਸਾਲ ਦੇ ਅੰਤ ਤੱਕ ਸਾਰਾ ਬੈਕਲਾਗ ਨਿਪਟਾ ਲਿਆ ਜਾਵੇਗਾ। ਪਰ ਹੁਣ ਨਵੀ ਖਬਰ ਹੈ ਕਿ ਇਮੀਗ੍ਰੇਸ਼ਨ ਅਰਜੀਆਂ ਦਾ ਢੇਰ ਅਜੇ ਵੀ 13 ਲੱਖ ਤੋਂ ਉਪਰ ਹੈ ਤੇ ਇਸਦਾ ਨਿਪਟਾਰਾ ਨਿਰਧਾਰਿਤ ਸਮੇਂ ਸੀਮਾ ਵਿਚ ਸੰਭਵ ਨਹੀਂ ਹੈ। ਇਸ ਸਬੰਧੀ ਇਮੀਗ੍ਰੇਸ਼ਨ ਮੰਤਰੀ ਨੇ ਖੁਦ ਮੰਨਿਆ ਹੈ ਕਿ ਅਰਜੀਆਂ ਦੇ ਨਿਪਟਾਰੇ ਵਿਚ ਆਸ ਤੋਂ ਵਧੇਰੇ ਸਮਾਂ ਲੱਗ ਸਕਦਾ ਹੈ। ਉਹਨਾਂ ਇਸ ਬੈਕਲਾਗ ਦਾ ਵੱਡਾ ਕਾਰਣ ਕੋਵਿਡ ਦੇ ਨਾਲ ਯੂਕਰੇਨ ਅਤੇ ਹੋਰ ਬਾਹਰੀ ਸਮੱਸਿਆਵਾਂ ਨੂੰ ਵੀ ਦੱਸਿਆ ਹੈ। ਇਸਦੇ ਬਾਵਜੂਦ ਉਹਨਾਂ ਨੇ ਐਪਲੀਕੇਸ਼ਨ ਟਰੈਕ ਦੀ ਸੁਵਿਧਾ ਦੇਣ ਦੇ ਨਾਲ ਵਿਭਾਗ ਵਿਚ 1250 ਨਵੇਂ ਅਧਿਕਾਰੀ ਭਰਤੀ ਕਰਨ ਦਾ ਭਰੋਸਾ ਦਿੱਤਾ ਹੈ। ਇਸ ਜਨਵਰੀ ਮਹੀਨੇ ਇਮੀਗ੍ਰੇਸ਼ਨ ਮੰਤਰੀ ਨੇ ਕੋਵਿਡ ਮਹਾਂਮਾਰੀ ਕਾਰਣ ਬੈਕਲਾਗ ਦਾ ਨਿਪਟਾਰਾ ਜਲਦ ਕੀਤੇ ਜਾਣ ਦਾ ਵਾਅਦਾ ਕੀਤਾ ਸੀ ਪਰ ਯੂਕਰੇਨ-ਰੂਸ ਜੰਗ ਕਾਰਣ ਹਜਾਰਾਂ ਯੂਕਰੇਨੀ ਸ਼ਰਨਾਰਥੀਆਂ ਨੂੰ ਕੈਨੇਡਾ ਆਉਣ ਦੇ ਸੱਦੇ ਨਾਲ ਇਮੀਗ੍ਰੇਸ਼ਨ ਬੈਕਲਾਗ ਦੀ ਸਮੱਸਿਆ ਹੋਰ ਵੀ ਵਧ ਗਈ। ਸਰਕਾਰੀ ਅੰਕੜਿਆਂ ਮੁਤਾਬਿਕ ਜਨਵਰੀ ਤੋ ਜੂਨ 2022 ਤੱਕ ਕੁਲ 55, 488 ਯੂਕਰੇਨੀ ਸ਼ਰਨਾਰਥੀ ਕੈਨੇਡਾ ਵਿਚ ਪੁੱਜੇ ਹਨ। ਸਰਕਾਰ ਨੂੰ ਕੁਲ 343,283 ਅਰਜੀਆਂ ਪੁੱਜੀਆਂ ਹਨ ਜਿਹਨਾਂ ਚੋ ਕੁਲ 146,461 ਅਰਜੀਆਂ ਮਨਜੂਰ ਕੀਤੀਆਂ ਗਈਆਂ ਹਨ। ਯੂਕਰੇਨੀ ਸ਼ਰਨਾਰਥੀਆਂ ਨੂੰ ਇਥੇ ਪੁੱਜਣ ਤੇ ਪ੍ਰਤੀ ਵਿਅਕਤੀ 3,000 ਡਾਲਰ ਅਤੇ ਪ੍ਰਤੀ ਬੱਚਾ 1500 ਡਾਲਰ ਸਹਾਇਤਾ ਰਾਸ਼ੀ ਵੀ ਦਿੱਤੀ ਜਾ ਰਹੀ ਹੈ। ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜੇ ਉਪਰੰਤ ਕੈਨੇਡੀਅਨ ਫੌਜਾਂ ਦੀ ਸਹਾਇਤਾ ਕਰਨ ਵਾਲੇ 40,000 ਲੋਕਾਂ ਨੂੰ ਕੈਨੇਡਾ ਵਿਚ ਪਨਾਹ ਦੇਣ ਦਾ ਐਲਾਨ ਕੀਤਾ ਗਿਆ ਸੀ ਜਿਹਨਾਂ ਚੋ ਪਿਛਲੇ 10 ਮਹੀਨੇ ਦੌਰਾਨ 15,000 ਦੇ ਕਰੀਬ ਅਫਗਾਨ ਸ਼ਰਨਾਰਥੀ ਕੈਨੇਡਾ ਪੁੱਜ ਚੁੱਕੇ ਹਨ। ਬਾਕੀ ਸ਼ਰਨਾਰਥੀ ਆਪਣੀਆਂ ਅਰਜੀਆਂ ਦੇ ਨਿਪਟਾਰੇ ਲਈ ਅਜੇ ਵੀ ਤਰਲੇ ਮਾਰ ਰਹੇ ਹਨ। ਸਰਕਾਰ ਵਲੋ ਜੰਗ ਦੇ ਮਾਰੇ ਸ਼ਰਨਾਰਥੀਆਂ ਨੂੰ ਤਾਂ ਮਾਨਵੀ ਆਧਾਰ ਉਪਰ ਕੈਨੇਡਾ ਲਿਆਉਣ ਲਈ ਤਰਜੀਹ ਅਤੇ ਆਰਥਿਕ ਸਹਾਇਤਾ ਦਿੱਤੀ ਜਾ ਰਹੀ ਹੈ ਪਰ ਜੋ ਲੋਕ ਆਪਣੇ ਚੰਗੇਰੇ ਭਵਿਖ ਦੀ ਤਲਾਸ਼ ਵਿਚ ਅਰਜੀਆਂ ਲਗਾਈ ਬੈਠੇ ਹਨ, ਸ਼ਾਇਦ ਉਹਨਾਂ ਦੀਆਂ ਅਰਜੀਆਂ ਟਰੂਡੋ ਸਰਕਾਰ ਦੇ ਦੁਨੀਆ ਦੀਆਂ ਨਜ਼ਰਾਂ ਵਿਚ ਮਹਾਂਦਾਨੀ ਤੇ ਮਾਨਵੀ ਅਧਿਕਾਰਾਂ ਦਾ ਅਲੰਬਰਦਾਰ ਕਹਿਲਾਉਣ ਦੀ ਦੌੜ ਦੇ ਆੜੇ ਆ ਰਹੀਆਂ ਹਨ। ਤਾਜਾ ਜਾਣਕਾਰੀ ਮੁਤਾਬਿਕ ਜੁਲਾਈ ਦੇ ਅੰਤ ਤੱਕ 13 ਲੱਖ ਇਮੀਗ੍ਰੇਸ਼ਨ ਅਰਜੀਆਂ ਨਿਪਟਾਰੇ ਦੀ ਉਡੀਕ ਵਿਚ ਹਨ। ਇਹਨਾਂ ਅਰਜੀਆਂ ਵਿਚ ਪੀ ਆਰ, ਸਿਟੀਜ਼ਨਸ਼ਿਪ ਤੋਂ




ਇਲਾਵਾ ਵਰਕ ਪਰਮਿਟ, ਸਟੱਡੀ ਪਰਮਿਟ ਅਤੇ ਵਿਜਟਰ ਵੀਜੇ ਲਈ ਪ੍ਰਾਰਥੀਆਂ ਦੀਆਂ ਲੱਖਾਂ ਅਰਜੀਆਂ ਸ਼ਾਮਿਲ ਹਨ। ਸਾਲ 2022 ਵਿਚ ਹੁਣ ਤੱਕ 360,000 ਸਟੱਡੀ ਪਰਮਿਟ ਜਾਰੀ ਕੀਤੇ ਗਏ ਹਨ ਜਦੋਂਕਿ 1,69000 ਅਰਜੀਆਂ ਅਜੇ ਵੀ ਨਿਪਟਾਰੇ ਦੀ ਉਡੀਕ ਵਿਚ ਹਨ । ਲੱਖਾਂ ਦੀ ਗਿਣਤੀ ਵਿਚ ਵਿਜਟਰ ਵੀਜੇ ਲਈ ਪ੍ਰਾਰਥੀ ਲਾਈਨ ਵਿਚ ਹਨ। ਕਈ ਛੇ-ਛੇ ਮਹੀਨੇ ਤੋਂ ਆਪਣੀ ਵਾਰੀ ਦੀ ਉਡੀਕ ਵਿਚ ਹਨ ਤੇ ਉਹਨਾਂ ਦੇ ਨਿਰਧਾਰਿਤ ਪ੍ਰੋਗਰਾਮ ਵੀ ਲੰਘ ਚੁੱਕੇ ਹਨ। ਉਧਰ ਇਮੀਗ੍ਰੇਸ਼ਨ ਮੰਤਰੀ ਨੇ ਉਮੀਦ ਪ੍ਰਗਟਾਈ ਹੈ ਕਿ ਇਮੀਗ੍ਰੇਸ਼ਨ ਅਰਜੀਆਂ ਦੇ ਨਿਪਟਾਰੇ ਲਈ ਵਿਸ਼ੇਸ਼ ਪ੍ਰਬੰਧਾਂ ਦੇ ਨਾਲ ਵਿਜਟਰ ਵੀਜਾ ਅਰਜੀਆਂ ਦਾ ਨਿਪਟਾਰਾ ਵੀ ਆਮ ਦੀ ਤਰਾਂ ਹੋ ਸਕੇਗਾ। ਇਮੀਗ੍ਰੇਸ਼ਨ ਮੰਤਰੀ ਵਲੋ ਆਪਣੇ ਪਹਿਲੇ ਵਾਅਦੇ ਤੋ ਉਲਟ ਇਹ ਕਹਿਣਾ ਹੈ ਕਿ ਇਮੀਗ੍ਰੇਸ਼ਨ ਅਰਜੀਆਂ ਦੇ ਨਿਪਟਾਰੇ ਲਈ ਹੋਰ ਸਮਾਂ ਲੱਗ ਸਕਦਾ ਹੈ, ਲੋਕਾਂ ਦੇ ਸਬਰ ਦਾ ਇਮਤਿਹਾਨ ਲੈਣ ਦੇ ਬਰਾਬਰ ਹੈ। ਇਮੀਗ੍ਰੇਸ਼ਨ ਮੰਤਰੀ ਦਾ ਕਹਿਣਾ ਹੈ ਕਿ ਯੂਕਰੇਨ ਅਤੇ ਅਫਗਾਨੀ ਸ਼ਰਨਾਰਥੀਆਂ ਨੂੰ ਮਾਨਵੀ ਆਧਾਰ ਤੇ ਕੈਨੇਡਾ ਆਉਣ ਦੀ ਖੁੱਲ ਦੇਣ ਕਾਰਣ ਇਮੀਗ੍ਰੇਸ਼ਨ ਵਿਭਾਗ ਉਪਰ ਤਵੱਕੋ ਤੋਂ ਵਧੇਰੇ ਬੋਝ ਆਣ ਪਿਆ ਹੈ। ਵਿਭਾਗ ਨੇ 31 ਜੁਲਾਈ ਤੱਕ 349,000 ਨਵੇਂ ਵਰਕ ਪਰਮਿਟ ਜਾਰੀ ਕੀਤੇ ਹਨ ਜਦੋਂਕਿ 2021 ਦੇ ਪੂਰੇ ਸਾਲ ਦੌਰਾਨ ਕੁਲ 199,000 ਵਰਕ ਪਰਮਿਟ ਦਿੱਤੇ ਗਏ ਸਨ। ਉਹਨਾਂ ਦਾ ਕਹਿਣਾ ਹੈ ਕਿ ਭਾਰੀ ਬੈਕਲਾਗ ਦੇ ਨਿਪਟਾਰੇ ਨੂੰ ਧਿਆਨ ਵਿਚ ਰਖਦਿਆਂ ਹੀ ਨਵੇ ਇਮੀਗ੍ਰੇਸ਼ਨ ਅਫਸਰਾਂ ਦੀ ਭਰਤੀ ਕੀਤੀ ਜਾ ਰਹੀ ਹੈ। ਨਵੇ ਅਧਿਕਾਰੀਆਂ ਦੇ ਕੰਮ ਉਪਰ ਆਉਣ ਨਾਲ ਐਕਸਪ੍ਰੈਸ ਐਂਟਰੀ, ਇਕਨਾਮਿਕ ਸਟਰੀਮ ਅਤੇ ਨਵੇ ਪਰਵਾਸੀਆਂ ਦੀਆਂ ਫਾਈਲਾਂ ਦਾ ਨਿਪਟਾਰਾ ਸਮਾਂ ਸੀਮਾ ਅੰਦਰ ਰਹਿਕੇ ਹੋ ਸਕੇਗਾ। ਸਰਕਾਰ ਨੇ ਇੰਤਜਾਰ ਸਮਾਂ ਘਟਾਉਣ ਦੇ ਮਕਸਦ ਨਾਲ ਹੀ ਪਿਛਲੇ ਸਮੇਂ ਦੌਰਾਨ 85 ਮਿਲੀਅਨ ਡਾਲਰ ਵਾਧੂ ਖਰਚ ਕੀਤੇ ਹਨ ਜਦੋਂਕਿ 2022 ਦੇ ਬਜਟ ਵਿਚ ਅਗਲੇ ਪੰਜ ਸਾਲਾਂ ਦੌਰਾਨ ਇਹ ਖਰਚਾ ਰਾਸ਼ੀ 187.3 ਮਿਲੀਅਨ ਡਾਲਰ ਤੱਕ ਵਧਾਈ ਗਈ ਹੈ। ਕੈਨੇਡਾ ਸਰਕਾਰ ਵਲੋ ਦਾਅਵੇ ਕੀਤੇ ਜਾ ਰਹੇ ਹਨ ਕਿ ਸਾਲ 2021 ਵਿਚ 4 ਲੱਖ ਤੋ ਉਪਰ ਲੋਕਾਂ ਨੂੰ ਪੀ ਆਰ ਦੇਣ ਨਾਲ ਕੈਨੇਡੀਅਨ ਇਮੀਗ੍ਰੇਸ਼ਨ ਵਿਚ ਨਵਾਂ ਇਤਿਹਾਸ ਸਿਰਜਿਆ ਗਿਆ ਹੈ ਜਦੋਂਕਿ ਸਚਾਈ ਇਹ ਹੈ ਕਿ ਇਹਨਾਂ ਚੋ ਬਹੁਗਿਣਤੀ ਉਹਨਾਂ ਲੋਕਾਂ ਦੀ ਹੈ ਜੋ ਪਹਿਲਾਂ ਹੀ ਕੈਨੇਡਾ ਵਿਚ ਆਰਜੀ ਤੌਰ ਤੇ ਰਹਿ ਰਹੇ ਸਨ। ਕੈਨੇਡਾ ਨੇ ਸਾਲ 2022 ਵਿਚ ਵੀ 4 ਲੱਖ 11 ਹਜਾਰ ਨਵੇ ਪਰਵਾਸੀਆਂ ਨੂੰ ਕੈਨੇਡਾ ਵਿਚ ਲਿਆਉਣ ਦਾ ਟੀਚਾ ਮਿਥਿਆ ਹੈ ਪਰ ਇਸਦੇ ਬਾਵਜੂਦ ਲੱਖਾਂ ਇਮੀਗ੍ਰੇਸ਼ਨ ਅਰਜੀਆਂ ਦਾ ਬੈਕਲਾਗ ਸਰਕਾਰੀ ਸਿਸਟਮ ਦਾ ਮੂੰਹ ਚਿੜਾ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਕੋਵਿਡ ਮਹਾਂਮਾਰੀ ਕਾਰਣ ਦਸੰਬਰ 2021 ਤੱਕ ਇਮੀਗ੍ਰੇਸ਼ਨ ਬੈਕਲਾਗ 18 ਲੱਖ ਸੀ ਪਰ ਇਹ ਬੈਕਲਾਗ ਸਾਲ 2022 ਦੇ ਚੜਦਿਆਂ ਹੀ 20 ਲੱਖ ਨੂੰ ਟੱਪ ਗਿਆ। ਪ੍ਰਧਾਨ ਮੰਤਰੀ ਟਰੂਡੋ ਅਤੇ ਇਮੀਗ੍ਰੇਸ਼ਨ ਮੰਤਰੀ ਦੇ ਵਾਅਦਿਆਂ ਦੇ ਬਾਵਜੂਦ ਬੈਕਲਾਗ ਦਾ ਨਿਪਟਾਰੇ ਵਿਚ ਦੇਰੀ ਲੋਕਾਂ ਵਿਚ ਨਿਰਾਸ਼ਾ ਦਾ ਕਾਰਣ ਬਣ ਰਹੀ ਹੈ ਤੇ ਉਹਨਾਂ ਦੀਆਂ ਜਿੰਦਗੀਆਂ ਨੂੰ ਪ੍ਰਭਾਵਿਤ ਕਰ ਰਹੀ ਹੈ। ਵਰਕ ਪਰਮਿਟ ਅਤੇ ਸਟੱਡੀ ਪਰਮਿਟ ਦੇ ਮਾਮਲੇ ਵਿਚ ਤਾਂ ਜੋ ਵੀ ਹੈ ਇਹ ਪਰਿਵਾਰਾਂ ਦੇ ਮੇਲ ਦੇ ਮਾਮਲੇ ਵਿਚ ਹੋਰ ਵੀ ਪੀੜਾਦਾਇਕ ਹੈ। ਇਮੀਗ੍ਰੇਸ਼ਨ ਵਿਭਾਗ ਵਲੋਂ ( ਨਵ-ਵਿਆਹੁਤਾ ਜੋੜੇ) ਸਪਾਊਸ ਅਰਜੀ ਦੇ ਨਿਪਟਾਰੇ ਲਈ 12 ਮਹੀਨੇ ਦਾ ਉਡੀਕ ਸਮਾਂ ਦੱਸਿਆ ਜਾ ਰਿਹਾ ਹੈ ਜਦੋਂਕਿ ਸਚਾਈ ਇਹ ਹੈ ਕਿ ਅਜਿਹੀਆਂ ਅਰਜੀਆਂ ਦੇ ਨਿਪਟਾਰੇ ਲਈ ਦੋ ਸਾਲ ਦਾ ਸਮਾਂ ਲੱਗ ਰਿਹਾ ਹੈ। ਇਹੀ ਹਾਲ ਵਿਜਟਰ ਵੀਜੇ ਦਾ ਹੈ। ਕੈਨੇਡੀਅਨ ਸਿਟੀਜਨ ਦੇ ਵਿਦੇਸ਼ੀ ਜੀਵਨ ਸਾਥੀ ਨੂੰ ਵਿਜਟਰ ਵੀਜੇ ਲਈ 6 ਮਹੀਨੇ ਤੋ ਉਪਰ ਇੰਤਜਾਰ ਕਰਨਾ ਪੈ ਰਿਹਾ ਹੈ। ਅੰਕੜੇ ਬੋਲਦੇ ਹਨ ਕਿ ਕੈਨੇਡਾ ਦੀ ਆਰਥਿਕਤਾ ਇਮੀਗ੍ਰਾਂਟ ਲੇਬਰ ਉਪਰ ਕਿੰਨੀ ਨਿਰਭਰ ਹੈ। ਜਦੋਂਕਿ ਰਿਪੋਰਟਾਂ ਹਨ ਕਿ ਕੈਨੇਡਾ ਵਿਚ ਲੇਬਰ ਦੀ ਭਾਰੀ ਕਮੀ ਪਾਈ ਜਾ ਰਹੀ ਹੈ। ਉਚ ਯੋਗਤਾ ਪ੍ਰਾਪਤ ਨਿਪੁੰਨ ਕਾਮਿਆਂ ਲਈ ਐਕਸਪ੍ਰੈਸ ਐਂਟਰੀ ਨੂੰ ਦਸੰਬਰ 2020 ਤੋ ਅਤੇ ਫੈਡਰਲ ਸਕਿਲਡ ਵਰਕਰ ਅਤੇ ਕੈਨੇਡੀਅਨ ਤਜੁਰਬਾ ਸ੍ਰੇਣੀ ਲਈ ਪ੍ਰੋਗਰਾਮ ਸਤੰਬਰ 2021 ਤੋ ਰੋਕੀ ਰੱਖਿਆ। ਹੁਣ ਨਿਪੁੰਨ ਕਾਮਿਆਂ ਲਈ ਐਕਸਪ੍ਰੈਸ ਐਂਟਰੀ ਦੇ ਅਰਜੀਕਰਤਾਵਾਂ ਨੂੰ ਦੁਬਾਰਾ ਅਪਲਾਈ ਕਰਨ ਲਈ ਕਿਹਾ ਗਿਆ ਹੈ। ਇਮੀਗ੍ਰੇਸ਼ਨ ਵਿਭਾਗ ਦੇ ਇਸ ਵਿਹਾਰ ਅਤੇ ਬੈਕਲਾਗ ਦੇ ਨਿਪਟਾਰੇ ਵਿਚ ਦੇਰੀ ਨੇ ਜਿਥੇ ਲੋਕਾਂ ਦੇ ਵਿਸ਼ਵਾਸ ਨੂੰ ਸੱਟ ਮਾਰੀ ਹੈ ਉਥੇ ਉਹਨਾਂ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਦੇ ਨਾਲ ਅਤੇ ਉਹਨਾਂ ਦੀਆਂ ਜਿੰਦਗੀਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਸ ਜੂਨ ਮਹੀਨੇ ਪ੍ਰਧਾਨ ਮੰਤਰੀ ਟਰੂਡੋ ਨੇ ਇਮੀਗ੍ਰੇਸ਼ਨ ਅਰਜੀਆਂ ਦੇ ਨਿਪਟਾਰੇ ਵਿਚ ਦੇਰੀ ਦੇ ਕਾਰਣਾਂ ਨੂੰ ਜਾਣਨ ਲਈ ਇਕ ਟਾਸਕ ਫੋਰਸ ਦੇ ਗਠਨ ਦਾ ਐਲਾਨ ਵੀ ਕੀਤਾ ਸੀ। ਕੰਸਰਵੇਟਿਵ ਇਮੀਗ੍ਰੇਸ਼ਨ ਆਲੋਚਕ ਤੇ ਕੈਲਗਰੀ ਤੋ ਐਮ ਪੀ ਜਸਰਾਜ ਸਿੰਘ ਹੱਲਣ ਦਾ ਕਹਿਣਾ ਹੈ ਕਿ ਇਹ ਲਿਬਰਲ ਪੈਟਰਨ ਹੈ ਕਿ ਸਮੱਸਿਆ ਦੇ ਹੱਲ ਲਈ ਪੈਸਾ ਸੁੱਟੋ, ਪਰਚਾਰ ਕਰੋ ਤੇ ਨਤੀਜਾ ਲੋਕਾਂ ਦਾ ਪੈਸਾ ਗਵਾਉਣ ਤੋ ਵਧ ਕੁਝ ਨਹੀ। ਉਹਨਾਂ ਅਜਿਹਾ ਕਹਿੰਦਿਆਂ ਸਰਕਾਰ ਦੀ ਸੁਹਿਰਦਤਾ ਉਪਰ ਸ਼ੰਕੇ ਖੜੇ ਕੀਤੇ ਹਨ। ਐਨ ਡੀ ਪੀ ਇਮੀਗ੍ਰੇਸ਼ਨ ਆਲੋਚਕ ਜੈਨੀ ਕਵਾਨ ਨੇ ਵੀ ਮਹੀਨਿਆਂ ਬੱਧੀ ਬੈਕਲਾਗ ਨੂੰ ਕੈਨੇਡੀਅਨ ਇਮੀਗ੍ਰੇਸ਼ਨ ਸਿਸਟਮ ਦੀ ਨਾਲਾਇਕੀ ਕਰਾਰ ਦਿੱਤਾ ਹੈ। ਕੈਨੇਡਾ ਦੀ ਆਰਥਿਕ ਰਿਕਵਰੀ ਨੂੰ ਉਤਸ਼ਾਹਿਤ ਕਰਨ ਅਤੇ ਕੈਨੇਡੀਅਨ ਇਮੀਗ੍ਰੇਸ਼ਨ ਸਿਸਟਮ ਦੀ ਪਾਰਦਰਸ਼ਤਾ ਤੇ ਵਿਸ਼ਵਾਸ ਕਾਇਮੀ ਲਈ ਸਰਕਾਰ ਨੂੰ ਇਮੀਗ੍ਰੇਸ਼ਨ ਬੈਕਲਾਗ ਦੇ ਹੱਲ ਲਈ ਠੋਸ ਤੇ ਕੁਸ਼ਲ ਉਪਰਾਲੇ ਕਰਨ ਦੀ ਲੋੜ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

ACTIVE
INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ



YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899



Tarlok (Tony) Chandi
778-858-7878



Arjun Singh
604.760.3661

# ਕੌਮੀ ਸੁਰੱਖਿਆ ਖਿਲਾਫ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਕਿਤੇ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ-ਹਾਂਗਕਾਂਗ

ਹਾਂਗਕਾਂਗ-ਹਾਂਗਕਾਂਗ ਦਾ ਕਹਿਣਾ ਕਿ ਉਹ ਸ਼ਹਿਰ ਦੇ ਕੌਮੀ ਸੁਰੱਖਿਆ ਲਾਅ ਜਿਸ ਦੀ ਵਿਆਪਕ ਤੌਰ 'ਤੇ ਨਿੰਦਾ ਕੀਤੀ ਗਈ ਹੈ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਉਸ ਦੇ ਪਿਛੋਕੜ ਜਾਂ ਉਹ ਕਿਥੇ ਰਹਿੰਦਾ ਹੈ ਦਾ ਖਿਆਲ ਨਾ ਕਰਦਿਆਂ ਮੁਕੱਦਮਾ ਚਲਾਵੇਗਾ। ਹਾਂਗਕਾਂਗ ਸਰਕਾਰ ਨੇ ਸਰਕਾਰ ਦੇ ਕੈਨੇਡੀਅਨ ਆਲੋਚਕ ਖਿਲਾਫ ਦੋਸ਼ਾਂ ਦਾ ਬਚਾਅ ਕਰਦਿਆਂ ਕਿਹਾ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਖਿਲਾਫ ਮੁਕੱਦਮਾ ਚਲਾਇਆ ਜਾਵੇਗਾ। ਇਸੇ ਦੌਰਾਨ ਦੋਸ਼ੀ ਬੀਸੀ ਵਾਸੀ ਵਿਕਟਰ ਹੋ ਨੇ ਕਿਹਾ ਕਿ ਚੋਟੀ ਦੇ ਫੈਡਰਲ ਨੇਤਾਵਾਂ ਨੂੰ ਇਹ ਸਪਸ਼ਟ ਬਿਆਨ ਦੇਣਾ ਚਾਹੀਦਾ ਹੈ ਕਿ ਵਿਦੇਸ਼ੀ ਸਰਕਾਰਾਂ ਇਸ ਤਰ੍ਹਾਂ ਦੀਆਂ ਚਾਲਾਂ ਕੈਨੇਡੀਅਨਾਂ ਖਿਲਾਫ ਵਰਤ ਨਹੀਂ ਕਰ ਸਕਦੀਆਂ। ਇਸ ਮਹੀਨੇ ਦੇ ਸ਼ੁਰੂ ਵਿਚ ਹਾਂਗਕਾਂਗ ਸਕਿਉਰਟੀ ਬਿਊਰੋ ਨੇ ਲੰਬੇ ਸਮੇਂ ਤੋਂ ਕੈਨੇਡੀਅਨ ਨਾਗਰਿਕ ਤੇ ਅਖ਼ਬਾਰ ਦੇ ਸੇਵਾਮੁਕਤ ਸੰਪਾਦਕ ਹੋ ਤੇ ਦੋ ਅਮਰੀਕੀ ਨਾਗਰਿਕਾਂ ਖਿਲਾਫ ਸੁਰੱਖਿਆ ਕਾਨੂੰਨ ਦੀ ਸਬਵਰਸ਼ਨ ਸੈਕਸ਼ਨ ਦੀ ਉਲੰਘਣਾ ਲਈ ਦੋਸ਼ ਲਗਾਉਣ ਦਾ ਐਲਾਨ ਕੀਤਾ ਸੀ।

# ਮੈਥ ਲੈਬ ਵਿਚੋਂ 10 ਕਿਲੋ ਤੋਂ ਵੱਧ ਨਸ਼ੀਲਾ ਪਦਾਰਥ ਬਰਾਮਦ

ਐਬਟਸਫੋਰਡ-ਪੁਲਿਸ ਐਬਟਸਫੋਰਡ ਵਿਚ ਇਕ ਮੈਥ ਲੈਬ ਦੀ ਲਗਾਤਾਰ ਜਾਂਚ ਕਰ ਰਹੀ ਹੈ ਜਿਥੋਂ 23 ਅਗਸਤ ਨੂੰ 10 ਕਿਲੋ ਤੋਂ ਵੀ ਜ਼ਿਆਦਾ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ ਸੀ। ਐਬਟਸਫੋਰਡ ਪੁਲਿਸ ਵਿਭਾਗ ਨਾਲ ਜੁੜੇ ਮੀਡੀਆ ਅਫਸਰ ਸਾਰਜੈਂਟ ਪਾਲ ਵਾਕਰ ਨੇ ਕਿਹਾ ਕਿ ਪੈਟਰੋਲ ਅਫਸਰਾਂ ਨੇ ਹੇਮਲੋਕ ਸਟਰੀਟ ਦੇ 2300 ਬਲਾਕ ਵਿਚ ਇਕ ਘਰ ਵਿਖੇ ਅਗਸਤ ਦੇ ਸ਼ੁਰੂ ਵਿਚ ਨਸ਼ੀਲੇ ਪਦਾਰਥ ਦੀ ਸਮੱਗਲਿੰਗ ਸਬੰਧੀ ਜਾਂਚ ਸ਼ੁਰੂ ਕੀਤੀ ਸੀ। ਛੇਤੀ ਹੀ ਡਰੱਗ ਇਨਫੋਰਸਮੈਂਟ ਯੂਨਿਟ ਜਾਂਚ ਵਿਚ ਸ਼ਾਮਿਲ ਹੋ ਗਈ। 23 ਅਗਸਤ ਨੂੰ ਪੈਟਰੋਲ ਅਫਸਰਾਂ ਅਤੇ ਡੀਈਯੂ, ਇੰਟੀਗ੍ਰੇਟਡ ਐਮਰਜੈਂਸੀ ਰਿਸਪਾਂਸ ਟੀਮ ਅਤੇ ਇੰਟੀਗ੍ਰੇਟਿਡ ਪੁਲਿਸ ਡੋਗ ਸਰਵਸਿਜ਼ ਦੇ ਮੈਂਬਰਾਂ ਨੇ ਤਲਾਸ਼ੀ ਵਾਰੰਟਾਂ ਦੀ ਤਾਮੀਲ ਕੀਤੀ। ਵਾਕਰ ਨੇ ਦੱਸਿਆ ਕਿ ਮੇਥਮਫੇਟਾਮਾਈਨ ਉਤਪਾਦਨ ਲੈਬ ਵਿਚ ਜਾਂਚ ਕੀਤੀ ਗਈ ਅਤੇ ਆਰਸੀਐਮਪੀ ਕਲੈਂਡਸਟਾਈਨ ਲੈਬ ਇਨਫੋਰਸਮੈਂਟ ਤੇ ਰਿਸਪਾਂਸ ਟੀਮ ਨੂੰ ਬੁਲਾਇਆ ਗਿਆ। ਜਾਂਚ ਅਧਿਕਾਰੀਆਂ ਨੇ ਤਿੰਨ ਕਿਲੋ ਓਪੀਔਡ ਤੇ 7.4 ਕਿਲੋ ਮੇਥਲਫੇਟਾਮਾਈਨ ਨਸ਼ੀਲਾ ਪਦਾਰਥ ਬਰਾਮਦ ਕੀਤਾ। ਉਸ ਨੇ ਦੱਸਿਆ ਕਿ ਜਾਂਚ ਅਜੇ ਮੁੱਢਲੇ ਪੜਾਵਾਂ ਵਿਚ ਹੈ ਅਤੇ ਅਜੇ ਤਕ ਕੋਈ ਵੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਪਰ ਡਰੱਗ ਤਸਕਰੀ ਤੇ ਪ੍ਰੋਡਕਸ਼ਨ ਦੇ ਦੋਸ਼ ਅਜੇ ਵਿਚਾਰ ਅਧੀਨ ਹਨ। ਐਬਟਸਫੋਰਡ ਪੁਲਿਸ ਚੀਫ ਮਾਈਕ ਸੇਰ ਨੇ ਕਿਹਾ ਕਿ ਉਸ ਨੂੰ ਜਾਂਚ ਵਿਚ ਸ਼ਾਮਿਲ ਹਰੇਕ ਮੈਂਬਰ 'ਤੇ ਮਾਣ ਹੈ।

# ਸਰੀ ਦੇ ਰੈਂਡੀ ਕੰਗ ਤੇ ਐਬਸਟਸਫੋਰਡ ਦੇ ਜਗਵੀਰ ਮੱਲੀ ਦੇ ਕਾਤਲ ਖ਼ਿਲਾਫ਼ ਮੁਕੱਦਮਾ 3 ਅਕਤੂਬਰ ਤੋਂ

ਸਰੀ-ਵੈਨਕੂਵਰ ਵਿਚ ਬੀਸੀ ਦੀ ਸੁਪਰੀਮ ਕੋਰਟ ਵਿਚ ਦੋ ਕਤਲਾਂ ਦੇ ਦੋਸ਼ੀ ਵਿਰੁੱਧ ਮੁਕੱਦਮਾ 3 ਅਕਤੂਬਰ ਤੋਂ ਸ਼ੁਰੂ ਹੋਵੇਗਾ। ਉਸ ਨੇ ਇਨ੍ਹਾਂ ਕਤਲਾਂ ਵਿਚੋਂ ਇਕ ਐਬਟਸਫੋਰਡ ਤੇ ਦੂਸਰਾ ਸਰੀ ਵਿਚ ਕੀਤਾ ਸੀ। 23 ਸਾਲਾ ਟਾਇਰਲ ਗੁਯੇਨ ਕੁਸੇਨੇਲੇ 'ਤੇ ਅਕਤੂਬਰ 2017 ਵਿਚ ਸਰੀ ਵਿਚ 27 ਸਾਲਾ ਰੈਂਡੀ ਕੰਗ ਅਤੇ ਨਵੰਬਰ 2018 ਵਿਚ ਐਬਟਸਫੋਰਡ ਵਿਚ 19 ਸਾਲਾ ਜੰਗਵੀਰ ਮੱਲ੍ਹੀ ਦੀ ਗੋਲੀ ਮਾਰ ਕੇ ਹੱਤਿਆਂ ਕਰਨ ਦੇ ਫਸਟ ਡਿਗਰੀ ਕਤਲ ਵਿਚ ਦਸੰਬਰ 2019 ਵਿਚ ਦੋਸ਼ ਲਗਾਇਆ ਗਿਆ ਸੀ। ਕੁਸੇਨੇਲੇ ਖਿਲਾਫ ਬਾਅਦ ਵਿਚ ਕੰਗ ਦੇ ਕਤਲ ਨਾਲ ਸਬੰਧਤ ਹਥਿਆਰ ਨਾਲ ਕਤਲ ਕਰਨ ਦੀ ਕੋਸ਼ਿਸ਼ ਦੇ ਦੋ ਹੋਰ ਦੋਸ਼ ਵੀ ਲਗਾਏ ਗਏ ਸਨ।



ਪੁਲਿਸ ਨੇ ਦੱਸਿਆ ਕਿ ਕੰਗ ਜਿਹੜਾ ਗੈਂਗ ਕਾਰਵਾਈਆਂ ਨਾਲ ਜੁੜਿਆ ਹੋਇਆ ਸੀ ਨੂੰ ਸਰੀ ਵਿਚ 27 ਅਕਤੂਬਰ 2017 ਨੂੰ ਅਲਪੇਨ ਪਲੇਸ ਦੇ 11300 ਬਲਾਕ ਵਿਚ ਕਤਲ ਕਰ ਦਿੱਤਾ ਸੀ। ਮੱਲ੍ਹੀ ਦੀ 12 ਨਵੰਬਰ 2018 ਨੂੰ ਐਬਟਸਫੋਰਡ ਵਿਚ ਰੋਸ ਰੋਡ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ ਜਦੋਂ ਉਹ ਆਪਣੀ ਕਾਰ ਵਿਚ ਫਰੇਜ਼ਰ ਵੈਲੀ ਯੂਨੀਵਰਸਿਟੀ ਨੂੰ ਜਾ ਰਿਹਾ ਸੀ ਜਿਥੇ ਉਹ ਕ੍ਰਿਮੀਨੋਲੋਜੀ ਸਟੱਡੀਜ਼ ਦਾ ਦੂਸਰੇ ਸਾਲ ਦਾ ਵਿਦਿਆਰਥੀ ਸੀ। ਬਾਅਦ ਵਿਚ ਪੁਲਿਸ ਨੇ ਪੁਸ਼ਟੀ ਕੀਤੀ ਸੀ ਕਿ ਮੱਲ੍ਹੀ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਸੀ ਅਤੇ ਉਹ ਕਿਸੇ ਹੋਰ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਗੋਲੀਬਾਰੀ ਵਿਚ ਅਣਇੱਛਤ ਸ਼ਿਕਾਰ ਹੋ ਗਿਆ ਸੀ।

# ਅਲਬਰਟਾ ਦਾ ਹਿਸਾਬ-ਕਿਤਾਬ 13.2 ਅਰਬ ਡਾਲਰ ਸਰਪਲੱਸ ਹੋਇਆ-ਆਮਦਨ ਕਰ ਨੂੰ ਮੁੜ ਸੂਚਕਾਂਕ ਕਰਾਂਗੇ-ਜੈਸਨ ਕੈਨੀ

ਐਡਮਿੰਟਨ-ਅਲਬਰਟਾ ਆਮਦਨ ਕਰ ਨੂੰ ਮੁੜ ਸੂਚਕਾਂਕ ਕਰੇਗਾ ਕਿਉਂਕਿ ਸਰਪਲੱਸ 13.2 ਅਰਬ ਡਾਲਰ ਹੋ ਗਿਆ ਹੈ। ਪ੍ਰੀਮੀਅਰ ਜੈਸਨ ਕੈਨੀ ਨੇ ਕਿਹਾ ਕਿ ਵਸਤਾਂ ਦੀਆਂ ਕੀਮਤਾਂ ਅਤੇ ਰਾਇਲਟੀ ਮਾਲੀਏ ਵਿਚ ਵਾਧੇ ਕਾਰਨ ਇਹ ਉਛਾਲ ਆਇਆ ਹੈ। ਕੈਨੀ ਨੇ ਸਰਕਾਰ ਦੀ ਪਹਿਲੀ ਤਿਮਾਹੀ ਵਿੱਤੀ ਅਪਡੇਟ ਨੂੰ ਜਾਰੀ ਕਰਨ ਤੋਂ ਪਹਿਲਾਂ ਟਵਿੱਟਰ 'ਤੇ ਐਲਾਨ ਦੀ ਵੀਡੀਓ ਪੋਸਟ ਕੀਤੀ ਹੈ। ਵੀਡੀਓ ਵਿਚ ਕੈਨੀ ਨੇ 2014-15 ਤੋਂ ਪਹਿਲੀ ਵਾਰ ਪਿਛਲੇ ਸਾਲ ਦੀ ਸਰਪਲੱਸ ਰਿਪੋਰਟ ਸਮੇਤ ਅਲਬਰਟਾ ਦੇ ਹਿਸਾਬ-ਕਿਤਾਬ ਨੂੰ ਆਪਣੇ ਸ਼ਬਦਾਂ ਮੁਤਾਬਿਕ ਰੱਖਣ ਦੀ ਪੇਸ਼ੀਨਗੋਈ ਕੀਤੀ ਸੀ।



ਦਾ ਸਿਹਰਾ ਸਰਕਾਰ ਨੂੰ ਦਿੱਤਾ ਹੈ। ਉਸ ਨੇ ਕਿਹਾ ਕਿ ਇਹ ਮੰਨਦੇ ਹੋਏ ਕਿ ਸਾਡੀ ਵਿੱਤੀ ਸਥਿਤੀ ਠੀਕ ਹੈ, ਅਸੀਂ ਹੁਣ ਅਲਬਰਟਾ ਦੇ ਸੂਬਾ ਨਿੱਜੀ ਆਮਦਨ ਕਰ ਦੇ ਪੂਰੇ ਸੂਚਕਾਂਕ ਨੂੰ ਇਸ ਵਿੱਤੀ ਸਾਲ ਦੀ ਸ਼ੁਰੂਆਤ ਤੋਂ ਬਹਾਲ ਕਰਨ ਦੇ ਯੋਗ ਹੋ ਗਏ ਹਾਂ। ਇਸ ਦਾ ਮਤਲਬ ਜਦੋਂ ਇਸ ਵਿੱਤੀ ਸਾਲ ਦੇ ਅਖੀਰ ਵਿਚ ਤੁਸੀਂ ਆਪਣਾ ਟੈਕਸ ਭਰੋਗੇ ਤਾਂ ਨਤੀਜੇ ਵਜੋਂ ਤੁਹਾਡੀ ਜੇਬ ਵਿਚ ਜ਼ਿਆਦਾ ਪੈਸੇ ਹੋਣਗੇ। ਇਸ ਸਾਲ ਦਾ ਬਜਟ ਜਦੋਂ ਫਰਵਰੀ ਵਿਚ ਪੇਸ਼ ਕੀਤਾ ਗਿਆ ਸੀ ਤਾਂ ਅਧਿਕਾਰੀਆਂ ਨੇ ਮੁਕਾਬਲਤਨ 511 ਮਿਲੀਅਨ ਡਾਲਰ ਸਰਪਲੱਸ

# ਸਰੀ ਵਿਚ ਝਗੜੇ ਪਿੱਛੋਂ ਇਕ ਵਿਅਕਤੀ ਦੀ ਮੌਤ

ਸਰੀ-ਨਿਊਟਨ ਨੇਬਰਹੁੱਡ ਵਿਚ 61 ਐਵੀਨਿਊ ਦੇ 14100 ਬਲਾਕ ਵਿਚ ਇਕ ਵਿਅਕਤੀ ਦੀ ਲੜਾਈ ਵਿਚ ਮੌਤ ਹੋ ਗਈ। ਦੋ ਵਿਅਕਤੀਆਂ ਵਿਚਕਾਰ ਝਗੜੇ ਬਾਰੇ ਰਿਪੋਰਟ ਮਿਲਣ ਪਿੱਛੋਂ ਜਦੋਂ ਅਫਸਰ ਮੌਕੇ 'ਤੇ ਪੁੱਜੇ ਤਾਂ ਉਨ੍ਹਾਂ ਨੇ ਇਕ ਵਿਅਕਤੀ ਨੂੰ ਮੈਡੀਕਲ ਸੰਕਟ ਵਿਚ ਪਾਇਆ ਗਿਆ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਨੂੰ ਫਸਟ ਰਸਪੌਂਡਰਜ਼ ਵਲੋਂ ਬਚਾਉਣ ਦੀਆਂ ਕੋਸ਼ਿਸ਼ਾਂ ਸਫਲ ਨਾ ਹੋਈਆਂ। ਪੁਲਿਸ ਨੇ ਘਟਨਾ ਵਾਲੀ ਥਾਂ ਨੂੰ ਘੇਰ ਲਿਆ ਹੈ ਅਤੇ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੂੰ ਬੁਲਾਇਆ ਗਿਆ ਹੈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਅਲਬਰਟਾ ਨੂੰ ਪਿਆਰ ਕਰਦੀ ਹਾਂ-ਫ੍ਰੀਲੈਂਡ

## ਗਰੈਂਡ ਪ੍ਰੇਰੀ ਘਟਨਾ ਤੋਂ ਕੁਝ ਦਿਨਾਂ ਪਿੱਛੋਂ ਕੈਲਗਰੀ ਦਾ ਕੀਤਾ ਦੌਰਾ



ਕੈਲਗਰੀ-ਗਰੈਂਡ ਪ੍ਰੇਰੀ ਵਿਚ ਵਾਪਰੀ ਘਟਨਾ ਪਿੱਛੋਂ ਕੈਲਗਰੀ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਫ੍ਰੀਲੈਂਡ ਨੇ ਕਿਹਾ ਕਿ ਉਸ ਨੂੰ ਅਲਬਰਟਾ ਨਾਲ ਜੁੜੇ ਹੋਣ 'ਤੇ ਮਾਣ ਹੈ। ਫ੍ਰੀਲੈਂਡ ਨੇ ਬੁੱਧਵਾਰ ਦੱਖਣ ਪੂਰਬ ਕੈਲਗਰੀ ਵਿਚ ਬਾਈਸਨ ਟਰਾਂਸਪੋਰਟ ਫੈਸਿਲਟੀ ਦਾ ਦੌਰਾ ਕੀਤਾ, ਟਰੱਕ ਡਰਾਈਵਰ ਸਿਮੂਲੇਟਰ ਦੀ ਜਾਂਚ ਕੀਤੀ ਅਤੇ ਭਰੋਸੇਯੋਗ ਸਪਲਾਈ ਚੇਨਜ਼ ਦੀ ਮਹੱਤਤਾ 'ਤੇ ਚਰਚਾ ਕੀਤੀ। ਇਕ ਵੀਡੀਓ ਜਿਸ ਵਿਚ ਗ੍ਰੈਂਡ ਪ੍ਰੇਰੀ ਦੇ ਦੌਰੇ ਦੌਰਾਨ ਇਕ ਵਿਅਕਤੀ ਫ੍ਰੀਲੈਂਡ ਕੋਲ ਆ ਕੇ ਉਸ 'ਤੇ ਚੀਕਦਾ ਹੋਇਆ ਕਹਿੰਦਾ ਹੈ ਕਿ ਉਸ ਦਾ ਅਲਬਰਟਾ ਵਿਚ ਸਵਾਗਤ ਨਹੀਂ ਤੋਂ ਕੁਝ ਦਿਨ ਪਿੱਛੋਂ ਫ੍ਰੀਲੈਂਡ ਨੇ ਕੈਲਗਰੀ ਦਾ ਦੌਰਾ ਕੀਤਾ। ਇਸ ਵਿਅਕਤੀ ਨੇ ਉਸ 'ਤੇ ਚਿਲਾਉਂਦੇ ਹੋਏ ਉਸ ਨੂੰ ਗਦਾਰ ਕਿਹਾ ਸੀ। ਇਕ ਔਰਤ ਨੇ ਦੱਸਿਆ ਕਿ ਫ੍ਰੀਲੈਂਡ ਅਲਬਰਟਾ ਨਾਲ ਸਬੰਧਤ ਨਹੀਂ। ਕੈਲਗਰੀ ਵਿਚ ਫ੍ਰੀਲੈਂਡ ਨੇ ਕਿਹਾ ਕਿ ਉਹ ਅਲਬਰਟਾ ਦੇ ਇਕ ਹਫ਼ਤੇ ਦੇ ਦੌਰੇ 'ਤੇ ਆਈ ਹੈ। ਉਹ ਐਡਮਿੰਟਨ, ਗ੍ਰੈਂਡ ਪ੍ਰੇਰੀ, ਪੀਸ ਰਿਵਰ, ਓਲਡਸ ਅਤੇ ਕੈਲਗਰੀ ਵਿਚ ਜਾ ਰਹੀ ਹੈ। ਉਸ ਨੇ ਟਰੱਕ ਮਾਲਕਾਂ, ਕਿਸਾਨਾਂ, ਮਕੈਨਿਕਾਂ, ਹੁਨਰਮੰਦ ਕਾਮਿਆਂ, ਇੰਜੀਨੀਅਰਾਂ ਅਤੇ ਕਾਰੋਬਾਰੀ ਨੇਤਾਵਾਂ ਨਾਲ ਮੀਟਿੰਗਾਂ ਕੀਤੀਆਂ ਹਨ। ਉਸ ਨੇ ਅਲਬਰਟਾ ਦੇ ਦਿਆਲੂ, ਚੰਗੇ ਤੇ ਸਵਾਗਤ ਕਰਨ ਵਾਲੇ ਲੋਕਾਂ ਨਾਲ ਗੱਲਬਾਤ ਕੀਤੀ ਹੈ। ਉਸ ਨੇ ਕਿਹਾ ਕਿ ਇਕ ਅਣਸੁਖਾਵੀਂ ਘਟਨਾ ਵਾਪਰੀ ਹੈ ਅਤੇ ਉਸ ਨੂੰ ਲਗਦਾ ਹੈ ਕਿ ਸਾਡੇ ਸਾਰਿਆਂ ਲਈ ਸਪਸ਼ਟ ਹੋਣਾ ਮਹੱਤਵਪੂਰਣ ਹੈ ਕਿ ਇਹ ਗਲਤ ਗੱਲ ਸੀ ਪਰ ਇਕ ਮਾੜੀ ਘਟਨਾ ਮੈਨੂੰ ਮਿਲੇ ਨਿੱਘੇ ਸਵਾਗਤ ਨੂੰ ਧੁੰਦਲਾ ਨਹੀਂ ਕਰਦੀ। ਫ੍ਰੀਲੈਂਡ ਨੇ ਦੱਸਿਆ ਕਿ ਅਲਬਰਟਾ ਵਿਚ ਪਾਲਣ ਪੋਸ਼ਣ ਲਈ ਉਹ ਸ਼ੁਕਰਗੁਜ਼ਾਰ ਹੈ।

# ਟਰੂਡੋ ਸਰਕਾਰ ਵਲੋਂ ਮੰਤਰੀਆਂ...

ਸਫ਼ਾ 1 ਦੀ ਬਾਕੀ

ਆਰਸੀਐਮਪੀ ਉਸ ਸਮੇਂ ਫ੍ਰੀਲੈਂਡ ਸਮੇਤ 6 ਮੰਤਰੀਆਂ ਦੀ ਸੁਰੱਖਿਆ ਦਾ ਮੁਲਾਂਕਣ ਕਰ ਕਰ ਰਹੀ ਸੀ। ਸਾਬਕਾ ਵਾਤਾਵਰਣ ਮੰਤਰੀ ਕੈਥਰੀਨ ਮੈਕਕੇਨਾ ਨੂੰ ਆਪਣੇ ਕਾਰਜਕਾਲ ਦੌਰਾਨ ਵਾਰ ਵਾਰ ਧਮਕੀਆਂ ਮਿਲਣ ਪਿੱਛੋਂ ਆਰਸੀਐਮਪੀ ਸੁਰੱਖਿਆ ਦਿੱਤੀ ਗਈ ਸੀ। ਆਰਸੀਐਮਪੀ ਦੇ ਬੁਲਾਰੇ ਰੋਬਿਨ ਪਰਸੀਵਲ ਨੇ ਕਿਹਾ ਕਿ ਉਹ ਘਟਨਾ ਦੀ ਜਾਂਚ ਕਰ ਰਹੇ ਹਨ। ਉਸ ਨੇ ਇਕ ਈਮੇਲ ਵਿਚ ਦੱਸਿਆ ਕਿ ਆਰਸੀਐਮਪੀ ਕ੍ਰਿਸਟੀਆ ਫ੍ਰੀਲੈਂਡ ਨਾਲ ਵਾਪਰੀ ਘਟਨਾ ਦੀ ਜਾਂਚ ਕਰ ਰਹੀ ਹੈ ਅਤੇ ਜਨਤਕ ਅਧਿਕਾਰੀਆਂ ਖਿਲਾਫ ਧਮਕੀਆਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ।

# ਆਡੀਟਰ ਜਨਰਲ ਨੂੰ ਬੀਸੀ ਦੇ ਵਹੀ ਖਾਤੇ 'ਤੇ ਸ਼ੱਕ ਸਰਪਲੱਸ 6.5 ਅਰਬ ਡਾਲਰ ਤੋਂ ਜ਼ਿਆਦਾ

ਵੈਨਕੂਵਰ-ਆਡੀਟਰ ਜਨਰਲ ਮਾਈਕਲ ਪਿਕਅਪ ਦਫ਼ਤਰ ਦਾ ਕਹਿਣਾ ਕਿ ਮੰਗਲਵਾਰ ਰਿਲੀਜ਼ ਕੀਤੀਆਂ ਵਹੀ ਖਾਤਿਆਂ ਜਿਸ ਵਿਚ ਦੂਸਰੀਆਂ ਸਰਕਾਰਾਂ ਤੇ ਗੈਰ ਸਰਕਾਰੀ ਸਰੋਤਾਂ ਤੋਂ ਬੀਸੀ ਦੀਆਂ ਰਿਕਾਰਡ ਪੇਮੈਂਟਾਂ ਸ਼ਾਮਿਲ ਹਨ ਵਿਚ ਸਵੀਕਾਰ ਕੀਤੇ ਲੇਖਾ ਸਿਧਾਂਤਾਂ ਨਾਲ ਤਿੰਨ ਗੱਲਾਂ ਮੇਲ ਨਹੀਂ ਖਾਂਦੀਆਂ। ਇਸ ਦਾ ਕਹਿਣਾ ਕਿ ਜੇਕਰ ਵਿੱਤੀ ਸਟੇਟਮੈਂਟਾਂ ਕੈਨੇਡੀਅਨ ਪਬਲਿਕ ਸੈਕਟਰ ਅਕਾਉਂਟਿੰਗ ਸਟੈਂਡਰਡ ਦੀ ਪਾਲਣਾ ਕਰਦੀਆਂ ਹਨ ਤਾਂ 2021-22 ਦਾ ਸਰਪਲੱਸ 6.48 ਅਰਬ ਡਾਲਰ ਹੋਵੇਗਾ ਅਤੇ ਉਨੀ ਹੀ ਰਕਮ ਦੀਆਂ ਦੇਣਦਾਰੀਆਂ ਘੱਟ ਹੋਣਗੀਆਂ। ਦਫ਼ਤਰ ਦਾ ਕਹਿਣਾ ਕਿ ਦੂਸਰੀ ਸਮੱਸਿਆ ਦਾ ਮਤਲਬ ਭਵਿੱਖ ਦੇ ਖਰਚਿਆਂ ਦਾ ਅਧੂਰਾ ਖੁਲਾਸਾ ਹੈ ਅਤੇ ਨਤੀਜੇ ਵਜੋਂ 2023 ਵਿਚ 708 ਮਿਲੀਅਨ ਡਾਲਰ ਤੇ 2024 ਵਿਚ 315 ਮਿਲੀਅਨ ਡਾਲਰ ਦੀਆਂ ਇਕਰਾਰਨਾਮਾ ਜ਼ਿੰਮੇਵਾਰੀਆਂ ਨੂੰ ਘਟਾਇਆ ਗਿਆ ਹੈ। ਤੀਸਰਾ ਮੁੱਦਾ ਬੀਸੀ ਫਸਟ ਨੇਸ਼ਨਜ਼ ਗੇਮਿੰਗ ਰੈਵੀਨਿਊ ਸ਼ੇਅਰਿੰਗ ਐਗਰੀਮੈਂਟ ਨਾਲ ਸਬੰਧਤ ਹੈ ਅਤੇ ਇਸ ਵਿਚ ਰੈਵੀਨਿਊ ਤੇ ਖਰਚ ਵਿਚ 91 ਮਿਲੀਅਨ ਡਾਲਰ ਦਾ ਫਰਕ ਹੈ।

# ਐਬਟਸਫੋਰਡ ਫਸਟ ਨੇ ਚਾਰ ਉਮੀਦਵਾਰਾਂ ਨੂੰ ਆਦਰਸ਼ ਕੌਂਸਲਰ ਉਮੀਦਵਾਰ ਵਜੋਂ ਚੁਣਿਆ

ਸਰੀ-ਐਬਟਸਫੋਰਡ ਫਸਟ ਇਲੈਕਟਰਜ਼ ਸੁਸਾਇਟੀ ਨੇ ਚਾਰ ਉਮੀਦਵਾਰ ਦੀ ਉਨ੍ਹਾਂ ਲੋਕਾਂ ਵਜੋਂ ਚੋਣ ਕੀਤੀ ਹੈ ਜਿਨ੍ਹਾਂ ਬਾਰੇ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਉਹ ਬੇਮਿਸਾਲ ਸਿਟੀ ਕੌਂਸਲਰ ਹੋਣਗੇ। ਇਲੈਕਟਰਜ਼ ਸੁਸਾਇਟੀ ਨੇ ਦੋ ਮੌਜੂਦਾ ਤੇ ਦੋ ਨਵੇਂ ਉਮੀਦਵਾਰਾਂ ਦੀ ਚੋਣ ਕੀਤੀ ਹੈ। ਦੋ ਮੌਜੂਦਾ ਕੌਂਸਲਰਾਂ ਵਿਚ ਕੈਲੀ ਚਾਹਲ ਤੇ ਸੈਂਡੀ ਬਲਿਊ ਹਨ ਜਦਕਿ ਰਾਜਨੀਤੀ ਵਿਚ ਮਾਰਕ ਵਾਰਕੇਨਟਿਨ ਤੇ ਗੁਰਨੂਰ ਸਿੱਧੂ ਨਵੇਂ ਆਏ ਹਨ। ਸੁਸਾਇਟੀ ਸ਼ਾਸਨ ਚਲਾਉਣ ਵਿਚ ਸ਼ਾਮਿਲ ਨਹੀਂ ਪਰ ਉਹ ਆਪਣੇ ਚੁਣੇ ਹੋਏ ਉਮੀਦਵਾਰਾਂ ਦੀ ਹਮਾਇਤ ਕਰਨ ਤੇ ਪ੍ਰਚਾਰ ਕਰਨ ਨੂੰ ਸਮਰਪਿਤ ਹੈ। ਉਨ੍ਹਾਂ ਨੇ 15 ਅਕਤੂਬਰ ਦੀਆਂ ਮਿਉਂਸਪਲ ਚੋਣਾਂ ਲਈ ਨੇਚਰਜ ਪਿਕਨਿਕ ਮਾਰਕੀਟ ਤੋਂ ਪ੍ਰਚਾਰ ਸੀਜ਼ਨ ਦੀ ਸ਼ੁਰੂਆਤ ਕੀਤੀ।

# ਕੰਪਨੀ ਨੇ ਗੂਗਲ 'ਤੇ ਗਲਤ ਰੀਵਿਊ ਪਾਉਣ ਵਾਲੇ ਗਾਹਕ ਖਿਲਾਫ ਮਾਣਹਾਨੀ ਦਾ ਕੇਸ ਜਿੱਤਿਆ




ਵੈਨਕੂਵਰ-ਬੀਸੀ ਦੀ ਇਕ ਕੰਪਨੀ ਇਕ ਨਿਰਾਸ਼ ਗਾਹਕ ਜਿਸ ਨੇ ਗੂਗਲ ਤੇ ਯੈਲਪ 'ਤੇ ਸਮੀਖਿਆ ਪੋਸਟ ਕਰਦੇ ਹੋਏ ਬੀਸੀ ਦੀ ਇਕ ਕੰਪਨੀ 'ਤੇ ਧੋਖਾਧੜੀ ਦਾ ਦੋਸ਼ ਲਗਾਇਆ ਸੀ ਨੂੰ ਸੂਬੇ ਦੀ ਸੁਪਰੀਮ ਕੋਰਟ ਨੇ ਮਾਣਹਾਨੀ ਲਈ ਨੁਕਸਾਨ ਵਜੋਂ 90000 ਡਾਲਰ ਅਦਾ ਕਰਨ ਦਾ ਹੁਕਮ ਦਿੱਤਾ ਹੈ। ਲਾਂਗਹਾਊਸ ਸਪੈਸ਼ਲਿਟੀ ਫੌਰੈਸਟ ਪ੍ਰੋਡਕਟਸ ਨੇ ਟਾਈਲਰ ਗਿੰਥਰ ਖਿਲਾਫ ਉਸ ਵਲੋਂ 2017 ਅਤੇ 2018 ਵਿਚ ਪਾਈਆਂ ਦੋ ਸਮੀਖਿਆਵਾਂ ਦੀ ਸਮੱਗਰੀ ਦੇ ਆਧਾਰ 'ਤੇ 675000 ਡਾਲਰ ਦਾ ਕੇਸ ਕੀਤਾ ਸੀ ਅਤੇ ਦਲੀਲ ਦਿੱਤੀ ਕਿ ਇਨ੍ਹਾਂ ਸਮੀਖਿਆਵਾਂ ਨਾਲ ਕਾਰੋਬਾਰ ਦੀ ਸਾਖ ਨੂੰ ਨੁਕਸਾਨ ਪੁੱਜਾ ਜਿਸ ਨਾਲ ਉਸ ਨੂੰ ਵਿੱਤੀ ਨੁਕਸਾਨ ਹੋਇਆ। ਬੁੱਧਵਾਰ ਪੋਸਟ ਕੀਤੇ ਫੈਸਲੇ ਵਿਚ ਜੱਜ ਨੇ ਕਿਹਾ ਕਿ ਗਿੰਥਰ ਦੀਆਂ ਪੋਸਟਾਂ ਇਕ ਪਰਿਵਾਰ ਵਲੋਂ ਚਲਾਏ ਜਾਂਦੇ ਲੱਕੜੀ ਦੇ ਕਾਰੋਬਾਰ ਲਈ ਮਾਣਹਾਨੀ ਸਨ ਕਿਉਂਕਿ ਦੋਵੇ ਝੂਠ ਤੇ ਬਦਨਾਮ ਕਰਨ ਵਾਲੀਆਂ ਸਨ।

# ਨਸਲਵਾਦ ਵਿਰੋਧੀ ਪ੍ਰੋਗਰਾਮ ਲਈ ਫੰਡਿੰਗ ਦੀ ਪੂਰੀ ਸਮੀਖਿਆ...

ਸਫ਼ਾ 1 ਦੀ ਬਾਕੀ

ਕਰਦਿਆਂ ਟਰੂਡੋ ਨੇ ਕਿਹਾ ਕਿ ਸਰਕਾਰ ਦੀ ਗਲਤੀ ਲਈ ਕੋਈ ਸਫਾਈ ਨਹੀਂ। ਇਹ ਗੱਲ ਪੂਰੀ ਤਰ੍ਹਾਂ ਸਵੀਕਾਰਯੋਗ ਨਹੀਂ ਕਿ ਫੈਡਰਲ ਡਾਲਰ ਉਸ ਸੰਗਠਨ ਨੂੰ ਦਿੱਤੇ ਜਾਣ ਜਿਸ ਨੇ ਜ਼ੈਨੋਫੋਬੀਆ, ਨਸਲਵਾਦ ਤੇ ਯਹੂਦੀ ਵਿਰੋਧਵਾਦ ਦਾ ਮੁਜ਼ਾਹਰਾ ਕੀਤਾ ਹੈ। ਅਸੀਂ ਨਸਲਵਾਦ, ਨਫਰਤ ਤੇ ਗੁੱਸੇ ਨੂੰ ਸਵੀਕਾਰ ਨਹੀਂ ਕਰ ਸਕਦੇ। ਇਸੇ ਲਈ ਸਰਕਾਰ ਨੇ ਤੁਰੰਤ ਕਾਰਵਾਈ ਕੀਤੀ ਹੈ। ਸਾਬਕਾ ਲਿਬਰਲ ਐਮਪੀ ਮਾਈਕਲ ਲੇਵਿਟ ਜਿਹੜਾ ਹੁਣ ਫ੍ਰੈਂਡਸ ਆਫ ਸਾਈਮਨ ਵੀਸੇਨਥਲ ਸੈਂਟਰ ਦਾ ਪ੍ਰਧਾਨ ਤੇ ਸੀਈਓ ਹੈ ਨੇ ਕਿਹਾ ਕਿ ਉਹ ਇਸ ਗੱਲ ਤੋਂ ਨਿਰਾਸ਼ ਹੈ ਕਿ ਹੋਰ ਲਿਬਰਲਜ਼ ਐਮਪੀ ਨੇ ਇਸ ਗਲਤੀ ਦੀ ਨਿਖੇਧੀ ਨਹੀਂ ਕੀਤੀ ਅਤੇ ਇਹ ਸਪਸ਼ਟ ਕਰ ਦਿੱਤਾ ਕਿ ਸਰਕਾਰ ਯਹੂਦੀ ਧਰਮ ਦੇ ਵਿਰੋਧ ਦਾ ਬਚਾਅ ਨਹੀਂ ਕਰੇਗੀ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Real Estate, Mortgage, Build & Warranty, Private Mortgages
604-716-2135 604-773-8426

# ਆਬਕਾਰੀ ਨੀਤੀ : ਅਕਾਲੀ ਦਲ ਨੇ ਈਡੀ ਤੇ ਸੀਬੀਆਈ ਜਾਂਚ ਮੰਗੀ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਦੀ ਤਰਜ਼ 'ਤੇ ਪੰਜਾਬ ਦੀ ਆਬਕਾਰੀ ਨੀਤੀ ਦੀ ਜਾਂਚ ਸੀਬੀਆਈ ਅਤੇ ਈਡੀ ਦੇ ਹਵਾਲੇ ਕਰਨ ਲਈ ਅੱਜ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕੀਤੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਵਫ਼ਦ ਨੇ ਰਾਜਪਾਲ ਨੂੰ ਦਿੱਤੇ ਮੰਗ ਪੱਤਰ ਵਿੱਚ ਆਬਕਾਰੀ ਨੀਤੀ ਰਾਹੀਂ ਸਰਕਾਰ 'ਤੇ ਕਰੋੜਾਂ ਰੁਪਏ ਦੀ ਰਿਸ਼ਵਤਖੋਰੀ ਕਰਨ ਦੇ ਦੋਸ਼ ਲਾਏ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਅਤੇ ਆਬਕਾਰੀ ਮੰਤਰੀ ਨੇ ਸਰਕਾਰੀ ਭੇਤ ਗੁਪਤ ਰੱਖਣ ਦੇ ਐਕਟ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਸਰਕਾਰੀ ਫਾਈਲਾਂ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਸੰਸਦ ਮੈਂਬਰ ਰਾਘਵ ਚੱਢਾ ਤੇ ਹੋਰ ਪ੍ਰਾਈਵੇਟ ਵਿਅਕਤੀਆਂ ਨੂੰ ਉਪਲਬਧ ਕਰਵਾਈਆਂ। ਅਕਾਲੀ ਦਲ ਨੇ ਕਿਹਾ ਕਿ ਦਿੱਲੀ ਦੇ ਮੁੱਖ ਸਕੱਤਰ ਵੱਲੋਂ ਦਿੱਲੀ ਦੀ ਆਬਕਾਰੀ ਨੀਤੀ 'ਚ ਸਿਖਰਲੇ ਪੱਧਰ ਦਾ ਲੈਣ ਦੇਣ ਹੋਣ ਦੇ ਦੋਸ਼ਾਂ ਤੋਂ ਸਿੱਧ ਹੁੰਦਾ ਹੈ ਕਿ ਪੰਜਾਬ ਵਿੱਚ ਵੀ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸ਼ਰਾਬ ਨੀਤੀ ਦਿੱਲੀ ਦੀ ਨੀਤੀ ਦੀ ਹੂ-ਬ-ਹੂ ਕਾਪੀ ਹੈ। ਉਨ੍ਹਾਂ ਇਸ ਸਬੰਧੀ ਭ੍ਰਿਸ਼ਟਾਚਾਰ ਰੋਕੂ ਐਕਟ ਅਧੀਨ ਕੇਸ ਦਰਜ ਕਰਨ ਦੀ ਮੰਗ ਕੀਤੀ। ਅਕਾਲੀ ਦਲ ਦੇ ਪ੍ਰਧਾਨ ਨੇ ਰਾਜਪਾਲ ਨੂੰ ਦੱਸਿਆ ਕਿ ਦਿੱਲੀ ਦੇ ਕੇਸ ਵਾਂਗੂ ਪੰਜਾਬ ਦੇ ਸ਼ਰਾਬ ਵਪਾਰੀਆਂ ਨੂੰ ਮੁਕਾਬਲੇ ਵਿੱਚੋਂ ਬਾਹਰ ਕਰਨ ਲਈ ਦਿੱਲੀ ਵਾਲੀਆਂ ਸ਼ਰਤਾਂ ਹੀ ਰੱਖੀਆਂ ਗਈਆਂ। ਵਫ਼ਦ ਨੇ ਰਾਜਪਾਲ ਨੂੰ ਦੱਸਿਆ ਕਿ ਇਨ੍ਹਾਂ ਸ਼ਰਤਾਂ ਦੇ ਬਲਬੂਤੇ ਸੂਬੇ ਵਿਚ ਸ਼ਰਾਬ ਦਾ 80 ਫੀਸਦੀ ਕਾਰੋਬਾਰ ਖ਼ਿੰਡਕੋ (ਅਮਨ ਢੱਲ) ਅਤੇ ਆਨੰਤ ਵਾਈਨਜ਼ (ਮਹਿਰਾ ਪਰਿਵਾਰ) ਹਵਾਲੇ ਕੀਤਾ ਗਿਆ। ਮੈਮੋਰੰਡਮ ਦੌਰਾਨ ਰਾਜਪਾਲ ਨੂੰ ਇਹ ਵੀ ਦੱਸਿਆ ਗਿਆ ਕਿ ਦਿੱਲੀ ਦੇ ਉਪ ਮੁੱਖ ਮੰਤਰੀ ਤੇ ਰਾਘਵ ਚੱਢਾ ਵੱਲੋਂ ਇਹ ਨਵੀਂ ਆਬਕਾਰੀ ਨੀਤੀ ਬਣਾਈ ਗਈ ਹੈ। ਇਸ ਸਬੰਧੀ ਮੀਟਿੰਗਾਂ ਚੰਡੀਗੜ੍ਹ ਦੇ ਇਕ ਹੋਟਲ ਵਿਚ ਹੋਈਆਂ, ਜਿੱਥੇ ਰਾਘਵ ਚੱਢਾ ਰਹਿ ਰਹੇ ਸਨ। ਇਸ ਸਬੰਧੀ ਮਨੀਸ਼ ਸਿਸੋਦੀਆ ਦੀ ਦਿੱਲੀ ਰਿਹਾਇਸ਼ 'ਤੇ 30 ਮਈ ਨੂੰ ਮੀਟਿੰਗਾਂ ਹੋਈਆਂ। ਇਨ੍ਹਾਂ ਮੀਟਿੰਗਾਂ ਵਿਚ ਵਿਜੇ ਨਾਇਰ ਅਤੇ ਪੰਜਾਬ ਦੇ ਵਿੱਤ ਕਮਿਸ਼ਨਰ, ਆਬਕਾਰੀ ਤੇ ਕਰ ਕਮਿਸ਼ਨਰ ਵੀ ਸ਼ਾਮਲ ਹੋਏ। ਇਸ ਦੌਰਾਨ ਇਹ ਵੀ ਦੱਸਿਆ ਗਿਆ ਕਿ ਅਸਲ ਸੌਦਾ 6 ਜੂਨ ਨੂੰ ਸ੍ਰੀ ਸਿਸੋਦੀਆ ਦੀ ਰਿਹਾਇਸ਼ 'ਤੇ ਪੱਕਾ ਹੋਇਆ। ਰਾਜਪਾਲ ਨੂੰ ਅਪੀਲ ਕੀਤੀ ਗਈ ਕਿ ਉਹ ਜਾਂਚ ਏਜੰਸੀਆਂ ਨੂੰ ਹਦਾਇਤ ਦੇਣ ਕਿ ਜਿਥੇ ਮੀਟਿੰਗਾਂ ਹੋਈਆਂ, ਉਸ ਥਾਂ ਦੀ ਸੀਸੀਟੀਵੀ ਫੁਟੇਜ ਸੰਭਾਲ ਕੇ ਰੱਖੀ ਜਾਵੇ ਅਤੇ ਜਿਨ੍ਹਾਂ ਮੀਟਿੰਗਾਂ ਵਿਚ ਸ਼ਮੂਲੀਅਤ ਕੀਤੀ, ਉਨ੍ਹਾਂ ਦੀ ਮੋਬਾਈਲ ਟਾਵਰ ਲੋਕੇਸ਼ਨ ਟਰੇਸ ਕੀਤੀ ਜਾਵੇ।

## ਪਾਕਿਸਤਾਨ ਹਾਈ ਕਮਿਸ਼ਨਰ ਵਲੋਂ ਕੈਨੇਡੀਅਨਾਂ ਨੂੰ ਹੜ੍ਹਾਂ ਪੀੜਤਾਂ ਦੀ ਮਦਦ ਦੀ ਅਪੀਲ

ਓਟਵਾ-ਕੈਨੇਡਾ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੇ ਹੜ੍ਹਾਂ ਤੋਂ ਪ੍ਰਭਾਵਤ ਪਾਕਿਸਤਾਨ ਦੀ ਮਦਦ ਲਈ ਤੰਬੂ, ਸਲੀਪਿੰਗ ਬੈਗਜ਼ ਤੇ ਫਸਟ ਏਅਰ ਕਿਟਸ ਦਾਨ ਕਰਨ ਲਈ ਕਿਹਾ ਹੈ। ਪਾਕਿਸਤਾਨ ਦਾ ਇਕ ਤਿਹਾਈ ਹਿੱਸਾ ਹੜ੍ਹਾਂ ਦੀ ਮਾਰ ਹੇਠ ਆਇਆ ਹੋਇਆ ਹੈ। ਹਾਈ ਕਮਿਸ਼ਨਰ ਜ਼ਹੀਰ ਜੰਜੂਆ ਨੇ ਓਟਵਾ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਕੈਨੇਡਾ ਵਲੋਂ ਬਹੁਤ ਹੀ ਤੇਜ਼ੀ ਨਾਲ ਦਿੱਤੇ ਹੁੰਗਾਰੇ ਤੋਂ ਖ਼ੁਸ਼ ਹੈ। ਸੋਮਵਾਰ ਲਿਬਰਲ ਸਰਕਾਰ ਨੇ ਮਾਨਵੀ ਸਹਾਇਤਾ ਵਿਚ ਪੰਜਾਹ ਲੱਖ ਡਾਲਰ ਦੇਣ ਦਾ ਐਲਾਨ ਕੀਤਾ ਹੈ ਪਰ ਜੰਜੂਆ ਨੇ ਕਿਹਾ ਕਿ ਪਾਕਿਸਤਾਨ ਨੂੰ ਮੁੜ ਲੀਹ 'ਤੇ ਆਉਣ ਲਈ ਲੰਬੇ ਸਮੇਂ ਲਈ ਮਦਦ ਦੀ ਲੋੜ ਹੈ। ਜੂਨ ਤੋਂ ਹੜ੍ਹਾਂ ਵਿਚ ਘੱਟੋ ਘੱਟ 1136 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਤਿੰਨ ਕਰੋੜ 30 ਲੱਖ ਲੋਕ ਪ੍ਰਭਾਵਤ ਹੋਏ ਹਨ। ਉਸ ਨੇ ਕਿਹਾ ਕਿ ਹੜ੍ਹ ਦੀ ਤਬਾਹੀ ਦਾ ਲੰਬੇ ਸਮੇਂ ਤਕ ਪ੍ਰਭਾਵ ਰਹੇਗਾ। ਅਸੀਂ ਆਸ ਕਰਾਂਗੇ ਕਿ ਪਹਿਲੇ ਰਾਹਤ ਯਤਨ ਖਤਮ ਹੋਣ ਪਿੱਛੋਂ ਕੈਨੇਡਾ ਤੇ ਇਸ ਦੀਆਂ ਏਜੰਸੀਆਂ ਹੜ੍ਹਾਂ ਤੋਂ ਪ੍ਰਭਾਵਤ ਇਲਾਕਿਆਂ ਤੇ ਲੋਕਾਂ ਲਈ ਮੁੜ ਉਸਾਰੀ ਤੇ ਪੁਨਰਵਾਸ ਵਿਚ ਸਾਡੀ ਮਦਦ ਕਰਨਗੀਆਂ। ਜੰਜੂਆ ਨੇ ਉਨ੍ਹਾਂ ਵਸਤਾਂ ਦੀ ਸੂਚੀ ਵੀ ਸਾਂਝੀ ਕੀਤੀ ਜਿਨ੍ਹਾਂ ਦੀ ਉਨ੍ਹਾਂ ਦੇ ਦੇਸ਼ ਨੂੰ ਲੋੜ ਹੈ। ਸਭ ਤੋਂ ਉੱਪਰ ਤੰਬੂ ਅਤੇ ਆਰਜ਼ੀ ਸ਼ੈਲਟਰ ਤੇ ਟਾਇਲਟ ਦੇ ਨਾਲ ਨਾਲ ਕੱਪੜੇ ਤੇ ਕੰਬਲ ਹਨ।

## ਬੀਸੀ ਵਿਚ ਸਮੁੱਚੇ ਦੇਸ਼ ਨਾਲੋਂ ਸਭ ਤੋਂ ਘੱਟ ਜਣਨ ਦਰ

ਓਟਵਾ-ਬੀਸੀ ਵਿਚ 2020 ਵਿਚ ਪ੍ਰਤੀ ਔਰਤ ਜਣਨ ਦਰ ਸਭ ਤੋਂ ਘੱਟ 1.17 ਬੱਚੇ ਅਤੇ ਨੋਵਾ ਸਕੋਸ਼ੀਆ ਵਿਚ 1.24 ਬੱਚੇ ਰਹਿ ਗਈ। ਖੋਜੀਆਂ ਦਾ ਕਹਿਣਾ ਕਿ ਇਹ ਜਣਨ ਦਰ ਘਟਣ ਦੇ ਕਾਰਨਾਂ ਪਿੱਛੇ ਇਕ ਕਾਰਨ ਕਿਫਾਇਤੀ ਘਰਾਂ ਤਕ ਪਹੁੰਚ ਦੀ ਘਾਟ ਹੈ। ਹੋਰ ਦੂਸਰੇ ਕਾਰਨਾਂ ਵਿਚ ਇਵੋਲਵਿੰਗ ਵੈਲਿਊਜ਼ ਤੇ ਜਨਸੰਖਿਆ ਵਿਚ ਬਦਲਾਅ ਸ਼ਾਮਿਲ ਹੈ। ਜਨਸੰਖਿਆ ਵਿਚ ਵਾਧੇ ਬਾਰੇ ਤਾਜ਼ਾ ਰਿਪੋਰਟ ਮੁਤਾਬਿਕ ਜਣਨ ਦਰ ਲਗਪਗ 13 ਸਾਲਾਂ ਤੋਂ ਘੱਟ ਰਹੀ ਹੈ। 1990 ਦੇ ਦਹਾਕੇ ਦੇ ਸ਼ੁਰੂ ਵਿਚ ਬੀਸੀ ਦੀ ਜਨਮ ਦਰ ਔਸਤਨ ਸੀ ਅਤੇ ਇਹ ਨਿਊਫਾਊਂਡਲੈਂਡ, ਨਿਊ ਬਰੰਸਵਿਕ, ਨੋਵਾ ਸਕੋਸ਼ੀਆ ਤੇ ਕਿਊਬਕ ਤੋਂ ਜ਼ਿਆਦਾ ਸੀ। 2000 ਦਹਾਕੇ ਦੇ ਸ਼ੁਰੂ ਵਿਚ ਬੀਸੀ ਦੀ ਜਣਨ ਦਰ ਦੂਸਰੇ ਰਾਜਾਂ ਨਾਲੋਂ ਘਟਣੀ ਸ਼ੁਰੂ ਹੋਈ ਅਤੇ 2015 ਤਕ ਇਹ ਦੂਸਰੇ ਰਾਜਾਂ ਦੇ ਮੁਕਾਬਲੇ ਪਿੱਛੇ ਰਹਿਣੀ ਸ਼ੁਰੂ ਹੋ ਗਈ ਅਤੇ ਹੁਣ ਇਹ ਹੋਰ ਵੀ ਹੇਠਾਂ ਜਾ ਰਹੀ ਹੈ। ਕੌਮੀ ਜਣਨ ਦਰ ਜਿਹੜੀ 2009 ਵਿਚ ਪ੍ਰਤੀ ਔਰਤ 1.8 ਬੱਚੇ ਸੀ 2020 ਵਿਚ ਘੱਟ ਕੇ 1.4 ਹੋ ਗਈ ਜਿਹੜੀ ਕਿ ਲਗਪਗ 16 ਫ਼ੀਸਦੀ ਘੱਟ ਹੈ। ਇਹ ਜਣਨ ਦਰ ਬੀਸੀ ਵਿਚ ਤਾਂ 22 ਫ਼ੀਸਦੀ ਘਟੀ ਅਤੇ ਇਹ 2009 ਵਿਚ ਪ੍ਰਤੀ ਔਰਤ 1.47 ਬੱਚੇ ਸੀ ਜਿਹੜੀ 2020 ਵਿਚ ਘਟ ਕੇ 1.17 ਰਹਿ ਗਈ।

## ਪ੍ਰਧਾਨ ਮੰਤਰੀ ਨੇ ਦੇਸ਼ 'ਚ ਤਿਆਰ ਜੰਗੀ ਬੇੜਾ ਆਈਐੱਨਐੱਸ ਵਿਕਰਾਂਤ ਜਲ ਸੈਨਾ ਨੂੰ ਸੌਂਪਿਆ



ਕੋਚੀ (ਕੇਰਲ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਦੇ ਸਮੁੰਦਰੀ ਇਤਿਹਾਸ ਦਾ ਸਭ ਤੋਂ ਵੱਡਾ ਜਹਾਜ਼ ਅਤੇ ਦੇਸ਼ੀ 'ਚ ਬਣਾਇਆ ਗਿਆ ਏਅਰਕ੍ਰਾਫਟ ਕੈਰੀਅਰ 'ਆਈਐੱਨਐੱਸ ਵਿਕਰਾਂਤ' ਭਾਰਤ ਦੇ ਰੱਖਿਆ ਖੇਤਰ ਨੂੰ ਆਤਮ-ਨਿਰਭਰ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਦੀ ਮਿਸਾਲ ਹੈ।ਪ੍ਰਧਾਨ ਮੰਤਰੀ ਨੇ ਕਿਹਾ, 'ਆਈਐੱਨਐੱਸ ਵਿਕਰਾਂਤ ਭਾਰਤ ਦੇ ਰੱਖਿਆ ਖੇਤਰ ਨੂੰ ਆਤਮ-ਨਿਰਭਰ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਦਾ ਉਦਾਹਰਣ ਹੈ। ਆਈਐੱਨਐੱਸ ਵਿਕਰਾਂਤ ਨਾਲ ਭਾਰਤ ਉਨ੍ਹਾਂ ਦੇਸ਼ਾਂ ਦੇ ਚੁਣੇ ਹੋਏ ਸਮੂਹ ਵਿੱਚ ਸ਼ਾਮਲ ਹੋ ਗਿਆ ਹੈ, ਜੋ ਆਪ ਏਅਰਕ੍ਰਾਫਟ ਕੈਰੀਅਰ ਬਣਾ ਸਕਦੇ ਹਨ।' ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਇਸ ਜੰਗੀ ਬੇੜੇ ਵਿਕਰਾਂਤ ਨੂੰ ਮਰਾਠਾ ਯੋਧਾ ਛਤਰਪਤੀ ਸ਼ਿਵਾਜੀ ਨੂੰ ਸਮਰਪਿਤ ਕਰਦੇ ਹਨ। ਉਨ੍ਹਾਂ ਕਿਹਾ, 'ਛਤਰਪਤੀ ਵੀਰ ਸ਼ਿਵਾਜੀ ਮਹਾਰਾਜ ਨੇ ਇਸ ਸਮੁੰਦਰੀ ਸ਼ਕਤੀ ਦੇ ਬਲ 'ਤੇ ਅਜਿਹੀ ਜਲ ਸੈਨਾ ਬਣਾਈ, ਜਿਸ ਨੇ ਦੁਸ਼ਮਣਾਂ ਦੀ ਨੀਂਦ ਉਡਾ ਦਿੱਤੀ।

## ਪੰਜਾਬ ਦਾ ਜੀ.ਐੱਸ.ਟੀ. ਮਾਲੀਆ 17 ਫੀਸਦ ਵਧਿਆ

ਚੰਡੀਗੜ੍ਹ-ਪੰਜਾਬ ਸਰਕਾਰ ਨੇ ਪਿਛਲੇ ਸਾਲ ਦੇ ਅਗਸਤ ਮਹੀਨੇ ਮੁਕਾਬਲੇ ਚਾਲੂ ਵਿੱਤੀ ਵਰ੍ਹੇ ਦੇ ਅਗਸਤ ਮਹੀਨੇ ਵਿੱਚ ਜੀਐੱਸਟੀ ਮਾਲੀਏ ਵਿੱਚ 17 ਫੀਸਦੀ ਦਾ ਵਾਧਾ ਦਰਜ ਕੀਤਾ ਹੈ ਜਦਕਿ ਗੁਆਂਢੀ ਸੂਬੇ ਹਰਿਆਣਾ 'ਚ ਇਹ ਵਾਧਾ 21 ਫੀਸਦ ਅਤੇ ਰਾਜਸਥਾਨ ਵਿਚ ਇਹੋ ਵਾਧਾ 10 ਫੀਸਦੀ ਦਰਜ ਕੀਤਾ ਗਿਆ ਹੈ। ਅਗਸਤ ਮਹੀਨੇ ਦੇ ਜੀਐੱਸਟੀ ਮਾਲੀਏ 'ਤੇ ਨਜ਼ਰ ਮਾਰੀਏ ਤਾਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਗੁਜਰਾਤ, ਰਾਜਸਥਾਨ ਵਰਗੇ ਵੱਡੇ ਰਾਜਾਂ ਤੋਂ ਪੰਜਾਬ ਅੱਗੇ ਰਿਹਾ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦਾ ਜੀਐੱਸਟੀ ਮਾਲੀਆ ਇਸ ਵਰ੍ਹੇ ਦੇ ਅਗਸਤ ਮਹੀਨੇ ਦੌਰਾਨ 1651 ਕਰੋੜ ਰੁਪਏ ਰਿਹਾ ਜਦਕਿ ਸਾਲ 2021 ਦੇ ਅਗਸਤ ਮਹੀਨੇ ਵਿਚ ਇਹ ਮਾਲੀਆ 1414 ਕਰੋੜ ਰੁਪਏ ਸੀ। ਦਿੱਲੀ ਦੇ ਜੀਐੱਸਟੀ ਮਾਲੀਏ ਵਿੱਚ 21 ਫੀਸਦ ਦਾ ਵਾਧਾ ਦਰਜ ਹੋਇਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਟਵੀਟ ਕਰਕੇ ਦੱਸਿਆ ਕਿ ਪੰਜਾਬ ਨੇ ਵਿੱਤੀ ਸਾਲ 2021-22 ਦੇ ਪਹਿਲੇ ਪੰਜ ਮਹੀਨਿਆਂ ਮੁਕਾਬਲੇ ਚਾਲੂ ਵਿੱਤੀ ਵਰ੍ਹੇ ਦੌਰਾਨ ਜੀਐੱਸਟੀ ਮਾਲੀਏ ਵਿੱਚ 23 ਫੀਸਦੀ ਵਾਧਾ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਜੀਐੱਸਟੀ ਮਾਲੀਏ ਵਿੱਚ ਵਾਧੇ ਪਿੱਛੇ ਪੰਜਾਬ ਸਰਕਾਰ ਵੱਲੋਂ ਟੈਕਸ ਚੋਰੀ ਨੂੰ ਰੋਕਣ ਲਈ ਕੀਤੇ ਗਏ ਉਪਰਾਲੇ ਹਨ। ਉਨ੍ਹਾਂ ਪਿਛਲੀ ਕਾਂਗਰਸ ਸਰਕਾਰ ਨੂੰ ਇਸ ਮਾਮਲੇ ਵਿੱਚ ਕਟਹਿਰੇ ਵਿੱਚ ਖੜ੍ਹਾ ਕਰਦਿਆਂ ਕਿਹਾ ਕਿ ਕਾਂਗਰਸੀ ਹਕੂਮਤ ਆਪਣੇ ਕਾਰਜਕਾਲ ਦੌਰਾਨ ਜੀਐੱਸਟੀ ਮਾਲੀਆ ਵਧਾਉਣ ਵਿਚ ਨਾਕਾਮ ਰਹੀ ਹੈ ਜਦਕਿ ਉਨ੍ਹਾਂ ਦੀ ਸਰਕਾਰ ਨੇ ਸ਼ੁਰੂਆਤੀ ਪੜਾਅ 'ਤੇ ਹੀ ਮਾਲੀਆ ਵਧਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਹੈ।


# ਓਸ਼ਨ ਵਿਊ ਫਿਸ਼ ਕੈਨਰੀ

# OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਸਰਕਾਰ ਵੱਲੋਂ ਚੋਰੀ-ਛਿਪੇ ਪੀਆਰ ਲੈਣ ਵਾਲਿਆਂ ਖ਼ਿਲਾਫ਼ ਤੁਰੰਤ ਕਾਰਵਾਈ ਕਰਨ ਦੇ ਹੁਕਮ ਜਾਰੀ

ਚੰਡੀਗੜ੍ਹ-ਪੰਜਾਬ ਸਰਕਾਰ ਨੇ ਹੁਣ ਵਿਦੇਸ਼ ਵਿੱਚ ਪੱਕੀ ਰਿਹਾਇਸ਼ ਕਰਨ ਲਈ ਚੋਰੀ-ਛਿਪੇ ਪੀਆਰ ਲੈਣ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਖ਼ਿਲਾਫ਼ ਤੁਰੰਤ ਕਾਰਵਾਈ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਪ੍ਰਸੋਨਲ ਵਿਭਾਗ ਵੱਲੋਂ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਨੂੰ ਅੱਜ ਪੱਤਰ ਜਾਰੀ ਕਰ ਕੇ ਹਦਾਇਤ ਕੀਤੀ ਗਈ ਹੈ ਕਿ ਜਿਨ੍ਹਾਂ ਅਫਸਰਾਂ ਤੇ ਮੁਲਾਜ਼ਮਾਂ ਨੇ ਵਿਦੇਸ਼ਾਂ ਵਿੱਚ ਪੀਆਰ ਲੈ ਲਈ ਹੈ ਜਾਂ ਫਿਰ ਪੀਆਰ ਲੈ ਰਹੇ ਹਨ, ਉਨ੍ਹਾਂ ਖ਼ਿਲਾਫ਼ ਇੱਕ ਹਫਤੇ ਦੇ ਅੰਦਰ-ਅੰਦਰ ਤੁਰੰਤ ਕਾਰਵਾਈ ਕੀਤੀ ਜਾਵੇ। ਇਸ ਤਰ੍ਹਾਂ ਪੀਆਰ ਲੈਣ ਵਾਲੇ ਅਫਸਰਾਂ ਤੇ ਮੁਲਾਜ਼ਮਾਂ ਕੋਲ ਹੁਣ ਕੋਈ ਰਸਤਾ ਨਹੀਂ ਬਚੇਗਾ। ਦੱਸਣਯੋਗ ਹੈ ਕਿ ਪੰਜਾਬੀ ਟ੍ਰਿਬਿਊਨ ਵੱਲੋਂ 22 ਅਗਸਤ ਨੂੰ ਪ੍ਰਮੁੱਖਤਾ ਨਾਲ ਇਹ ਖ਼ਬਰ ਪ੍ਰਕਾਸ਼ਿਤ ਕੀਤੀ ਗਈ ਸੀ। ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਖ਼ਬਰ ਦਾ ਨੋਟਿਸ ਲੈਂਦਿਆਂ ਪ੍ਰਸੋਨਲ ਵਿਭਾਗ ਨੂੰ ਕਾਰਵਾਈ ਕਰਨ ਦੀ ਹਦਾਇਤ ਕੀਤੀ ਸੀ, ਜਿਸ ਮਗਰੋਂ ਹੁਣ ਪ੍ਰਸੋਨਲ ਵਿਭਾਗ ਨੇ ਇਹ ਪੱਤਰ ਜਾਰੀ ਕੀਤਾ ਹੈ। ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਵੱਖਰੇ ਤੌਰ 'ਤੇ ਅਜਿਹੇ ਅਫਸਰਾਂ ਤੇ ਮੁਲਾਜ਼ਮਾਂ ਦੀ ਸ਼ਨਾਖ਼ਤ ਕਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਪ੍ਰਸੋਨਲ ਵਿਭਾਗ ਨੇ ਜਾਰੀ ਪੱਤਰ 'ਚ ਲਿਖਿਆ ਹੈ ਕਿ ਪੰਜਾਬ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਅਧਿਕਾਰੀਆਂ ਅਤੇ ਮੁਲਾਜ਼ਮਾਂ ਵੱਲੋਂ ਪੀਆਰ ਲੈਣ ਮਗਰੋਂ ਐਕਸ ਇੰਡੀਆ ਲੀਵ ਲਈ ਜਾ ਰਹੀ ਹੈ। ਇਸ ਤੋਂ ਇਲਾਵਾ ਕਈ ਅਧਿਕਾਰੀ ਤੇ ਮੁਲਾਜ਼ਮ ਬਿਨਾਂ ਛੁੱਟੀ ਤੋਂ ਵੀ ਵਿਦੇਸ਼ ਜਾ ਕੇ ਰਹਿ ਰਹੇ ਹਨ। ਪੱਤਰ ਵਿੱਚ ਇਹ ਵੀ ਲਿਖਿਆ ਹੈ ਕਿ ਇਹ ਅਧਿਕਾਰੀ ਤੇ ਮੁਲਾਜ਼ਮ ਵਿਦੇਸ਼ ਜਾ ਕੇ ਕੰਮ ਕਰ ਕੇ ਉੱਥੋਂ ਦੇ ਸਿਸਟਮ ਮੁਤਾਬਕ ਟੈਕਸ ਰਿਟਰਨਾਂ ਵੀ ਭਰ ਰਹੇ ਹਨ। ਪੱਤਰ ਅਨੁਸਾਰ ਪੀਆਰ ਲੈਣ ਵਾਲੇ ਅਤੇ ਬਿਨਾਂ ਛੁੱਟੀ ਪ੍ਰਵਾਨ ਕਰਵਾਏ ਵਿਦੇਸ਼ ਜਾਣ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ। ਪ੍ਰਸੋਨਲ ਵਿਭਾਗ ਨੇ ਇਸ ਸਬੰਧੀ ਕੀਤੀ ਜਾਣ ਵਾਲੀ ਕਾਰਵਾਈ ਦੀ ਰਿਪੋਰਟ ਵੀ ਇੱਕ ਹਫਤੇ ਦੇ ਅੰਦਰ-ਅੰਦਰ ਮੰਗੀ ਹੈ। ਚੇਤੇ ਰਹੇ ਕਿ ਪਿਛਲੇ ਦਿਨੀਂ ਖੁਰਾਕ ਤੇ ਸਪਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਰਾਕੇਸ਼ ਸਿੰਗਲਾ ਨੂੰ ਸਰਕਾਰ ਨੇ ਬਰਖ਼ਾਸਤ ਕਰ ਦਿੱਤਾ ਸੀ ਕਿਉਂਕਿ ਉਸ ਨੇ ਸਾਲ 2006 ਵਿੱਚ ਚੋਰੀ-ਚੋਰੀ ਕੈਨੇਡਾ ਦੀ ਪੀਆਰ ਹਾਸਲ ਕਰ ਲਈ ਸੀ। ਪਨਸਪ ਵਿੱਚ ਘੁਟਾਲਾ ਕਰਨ ਵਾਲਾ ਪਟਿਆਲਾ ਦਾ ਗੁਰਿੰਦਰ ਸਿੰਘ ਵੀ ਕੇਸ ਦਰਜ ਹੋਣ ਮਗਰੋਂ ਵਿਦੇਸ਼ ਚਲਾ ਗਿਆ। ਅਸਲ ਵਿੱਚ ਸਾਲ 2002 'ਚ ਸਰਕਾਰ ਨੇ ਵਿਦੇਸ਼ ਵਿੱਚ ਰੁਜ਼ਗਾਰ ਖਾਤਰ ਪੰਜ ਸਾਲ ਲਈ ਅਨਪੇਡ ਲੀਵ ਲੈਣ ਦੀ ਸਹੂਲਤ ਦਿੱਤੀ ਸੀ, ਜਿਸ ਦਾ ਫਾਇਦਾ ਲੈਂਦਿਆਂ ਵੱਡੀ ਗਿਣਤੀ ਅਫਸਰ ਤੇ ਮੁਲਾਜ਼ਮ ਵਿਦੇਸ਼ ਉਡਾਰੀ ਮਾਰ ਗਏ। ਵਿਦੇਸ਼ ਜਾ ਕੇ ਵੱਸਣ ਵਾਲਿਆਂ 'ਚ ਖੇਤੀਬਾੜੀ, ਪਸ਼ੂ ਪਾਲਣ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਗਿਣਤੀ ਜ਼ਿਆਦਾ ਹੈ। ਕੁਝ ਸਮਾਂ ਪਹਿਲਾਂ ਮੁਹਾਲੀ ਦੇ ਪਿੰਡ ਕਿਸ਼ਨਗੜ੍ਹ ਦੇ ਸਤੀਸ਼ ਕੁਮਾਰ ਨੇ ਦੋਰਾਹਾ ਦੇ ਖੇਤੀ ਵਿਕਾਸ ਅਫਸਰ ਰਾਮ ਪਾਲ ਸਿੰਘ ਖ਼ਿਲਾਫ਼ ਸਰਕਾਰ ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਅਧਿਕਾਰੀ ਕੋਲ ਦੋਹਰੀ ਨਾਗਰਿਕਤਾ ਹੈ। ਖੇਤੀ ਵਿਭਾਗ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਪੜਤਾਲ ਚੱਲ ਰਹੀ ਹੈ।




## ਬੇਅਦਬੀ ਮਾਮਲੇ ਸਬੰਧੀ 'ਆਪ' 'ਤੇ ਲਾਏ ਕਾਂਗਰਸ ਵਾਂਗ ਡਰਾਮਾ ਕਰਨ ਦੇ ਦੋਸ਼


ਮਾਨਸਾ-ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਅੱਜ ਇਥੇ ਕਿਹਾ ਕਿ ਬੇਅਦਬੀ ਮਾਮਲੇ 'ਤੇ ਸਾਲ ਪਹਿਲਾਂ ਜਿਵੇਂ ਕਾਂਗਰਸ ਪਾਰਟੀ ਡਰਾਮਾ ਕਰ ਰਹੀ ਸੀ, ਉਸੇ ਤਰ੍ਹਾਂ ਹੁਣ 'ਆਪ' ਸਰਕਰ ਵੀ ਡਰਾਮਾ ਹੀ ਕਰ ਰਹੀ ਹੈ। ਇਸ ਮਾਮਲੇ ਦੀ ਜਾਂਚ ਸਬੰਧੀ ਬਣਾਈ ਗਈ 'ਸਿਟ' ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਿਸੇ 'ਸਿੱਟ' ਦੇ ਅਧਿਕਾਰੀਆਂ ਤੋਂ ਨਹੀਂ ਡਰਦੇ, ਸਗੋਂ ਉਨ੍ਹਾਂ ਨੇ ਅਫ਼ਸਰਾਂ ਨੂੰ ਖ਼ੁਦ ਫੋਨ ਕਰਕੇ ਕਿਹਾ ਹੈ ਕਿ ਉਹ ਵਿਦੇਸ਼ ਤੋਂ ਵਾਪਸ ਆ ਗਏ ਹਨ ਤੇ ਜਦੋਂ ਮਰਜ਼ੀ ਉਨ੍ਹਾਂ ਨੂੰ ਸੰਮਨ ਭੇਜਿਆ ਜਾ ਸਕਦਾ ਹੈ। 'ਆਪ' ਸਰਕਾਰ 'ਤੇ ਪੰਜਾਬ ਵਾਸੀਆਂ ਨਾਲ ਧੱਕਾ ਕਰਨ ਦਾ ਦੋਸ਼ ਲਾਉਂਦਿਆਂ ਸ੍ਰੀਮਤੀ ਬਾਦਲ ਨੇ ਕਿਹਾ ਕਿ ਇਸ ਸਰਕਾਰ ਨੇ ਐਕਸਾਈਜ਼ ਪਾਲਿਸੀ ਵਿੱਚ ਸੂਬੇ ਨੂੰ ਵੱਡੇ ਪੱਧਰ 'ਤੇ ਚੂਨਾ ਲਾਇਆ ਹੈ ਤੇ ਇਸ ਨੀਤੀ ਤਹਿਤ ਇੱਕੋ ਵਿਅਕਤੀ ਹਵਾਲੇ ਪੂਰੇ ਪੰਜਾਬ ਦੀ ਐਕਸਾਈਜ਼ ਪਾਲਿਸੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਨੀਤੀ ਨਾਲ ਪਹਿਲਾਂ ਦਿੱਲੀ ਵਿੱਚ ਵੱਡੇ ਘੁਟਾਲੇ ਹੋਏ ਹਨ ਤੇ ਹੁਣ ਉਸੇ ਟੀਮ ਨੇ ਪੰਜਾਬ ਦੀ ਐਕਸਾਈਜ਼ ਪਾਲਿਸੀ ਬਣਾਈ ਹੈ। ਉਨ੍ਹਾਂ ਕਿਹਾ ਕਿ ਜਦੋਂ ਦਿੱਲੀ ਵਿੱਚ ਇਸ ਪਾਲਿਸੀ ਦੀ ਸ਼ਿਕਾਇਤ ਹੋਈ ਤਾਂ ਸਰਕਾਰ ਨੇ ਇਸ ਨੂੰ ਖਾਰਜ ਕਰ ਦਿੱਤਾ ਸੀ, ਪਰ ਪੰਜਾਬ ਵਿੱਚ ਇਹ ਨੀਤੀ ਜਿਉਂ ਦੀ ਤਿਉਂ ਲਾਗੂ ਕੀਤੀ ਗਈ ਹੈ।

# ਟੈਂਡਰ ਘੁਟਾਲਾ : ਆਸ਼ੂ ਨੂੰ ਪਟਿਆਲਾ ਜੇਲ੍ਹ ਭੇਜਿਆ

ਸਫ਼ਾ 1 ਦੀ ਬਾਕੀ

ਆਸ਼ੂ ਨੂੰ ਅੱਜ ਨਿਰਧਾਰਿਤ ਸਮੇਂ ਨਾਲੋਂ ਇਕ ਘੰਟਾ ਪਹਿਲਾਂ ਹੀ ਅਦਾਲਤ ਵਿੱਚ ਪੇਸ਼ ਕਰ ਦਿੱਤਾ। ਟੀਮ ਨੇ ਅਦਾਲਤ ਨੂੰ ਹੁਣ ਤੱਕ ਦੀ ਜਾਂਚ ਬਾਰੇ ਦੱਸਿਆ ਤੇ ਆਸ਼ੂ ਦਾ ਪੁਲੀਸ ਰਿਮਾਂਡ ਤਿੰਨ ਦਿਨ ਹੋਰ ਵਧਾਉਣ ਦੀ ਮੰਗ ਕੀਤੀ। ਕੋਰਟ ਨੇ ਵਿਜੀਲੈਂਸ ਦੀ ਇਹ ਮੰਗ ਖਾਰਜ ਕਰਦੇ ਹੋਏ ਸਾਬਕਾ ਮੰਤਰੀ ਨੂੰ ਨਿਆਂਇਕ ਹਿਰਾਸਤ 'ਚ ਭੇਜਣ ਦੇ ਹੁਕਮ ਕਰ ਦਿੱਤੇ। ਇਸ ਮਗਰੋਂ ਵਿਜੀਲੈਂਸ ਦੀ ਟੀਮ ਆਸ਼ੂ ਨੂੰ ਸਖ਼ਤ ਸੁਰੱਖਿਆ 'ਚ ਸਿਵਲ ਹਸਪਤਾਲ ਲੈ ਕੇ ਪੁੱਜੀ ਅਤੇ ਮੈਡੀਕਲ ਕਰਵਾ ਕੇ ਉਨ੍ਹਾਂ ਨੂੰ ਕੇਂਦਰੀ ਜੇਲ੍ਹ ਲੁਧਿਆਣਾ ਭੇਜ ਦਿੱਤਾ। ਜੇਲ੍ਹ ਪ੍ਰਸ਼ਾਸਨ ਵੱਲੋਂ ਉਥੇ ਸੁਰੱਖਿਆ ਦੇ ਨਾਲ ਜਗ੍ਹਾ ਦੀ ਘਾਟ ਦੇ ਹਵਾਲੇ ਨਾਲ ਆਸ਼ੂ ਨੂੰ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ। ਜਾਣਕਾਰੀ ਅਨੁਸਾਰ ਨੇ ਵਿਜੀਲੈਂਸ ਦੀ ਟੀਮ ਕੁਝ ਪ੍ਰਾਪਰਟੀਆਂ ਦੀ ਜਾਂਚ ਬਕਾਇਆ ਹੋਣ ਦੇ ਹਵਾਲੇ ਨਾਲ ਆਸ਼ੂ ਦਾ ਪੁਲੀਸ ਰਿਮਾਂਡ ਤਿੰਨ ਦਿਨ ਹੋਰ ਵਧਾਉਣ ਦੀ ਮੰਗ ਕੀਤੀ ਸੀ, ਪਰ ਅਦਾਲਤ ਨੇ ਜਦੋਂ ਅਧਿਕਾਰੀਆਂ ਤੋਂ ਕਾਗਜ਼ਾਤ ਮੰਗੇ ਤਾਂ ਉਹ ਕੋਈ ਤਸੱਲੀਬਖ਼ਸ਼ ਜਵਾਬ ਨਾ ਦੇ ਸਕੇ। ਇਸ ਮਗਰੋਂ ਅਦਾਲਤ ਨੇ ਆਸ਼ੂ ਨੂੰ ਨਿਆਂਇਕ ਹਿਰਾਸਤ 'ਚ ਭੇਜਣ ਦੇ ਹੁਕਮ ਕਰ ਦਿੱਤੇ। ਇਸ ਦੌਰਾਨ ਭਾਰਤ ਭੂਸ਼ਣ ਆਸ਼ੂ ਦੇ ਕੱਟੜ ਵਿਰੋਧੀ ਬਰਖਾਸਤ ਡੀਐੱਸਪੀ ਬਲਵਿੰਦਰ ਸੇਖੋਂ ਨੇ ਅੱਜ ਮੁੜ ਕੋਰਟ ਕੰਪਲੈਕਸ ਦੇ ਬਾਹਰ ਆਪਣੇ ਸਾਥੀਆਂ ਨਾਲ ਸਾਬਕਾ ਕੈਬਨਿਟ ਮੰਤਰੀ ਆਸ਼ੂ ਖਿਲਾਫ਼ ਨਾਅਰੇਬਾਜ਼ੀ ਕੀਤੀ।









# ਸਿਰਜਣਾ ਦੇ ਆਰ ਪਾਰ ਵਿਚ ਬਾਬਾ ਨਜਮੀ ਹੋਏ ਲੇਖਕਾਂ-ਪਾਠਕਾਂ ਦੇ ਰੂਬਰੂ

ਸਰੀ (ਹਰਦਮ ਮਾਨ)-ਅੰਤਰਰਾਸ਼ਟਰੀ ਸਾਹਿਤਕ ਸਾਂਝਾ ਅਤੇ ਪੰਜਾਬ ਸਾਹਿਤ ਅਕਾਦਮੀ ਦੇ ਰਲਵੇਂ ਯਤਨਾਂ ਨਾਲ ਲਹਿੰਦੇ ਪੰਜਾਬ ਦੇ ਪ੍ਰਸਿੱਧ ਸ਼ਾਇਰ ਬਾਬਾ ਨਜ਼ਮੀ ਨਾਲ ਰੂਬਰੂ ਪ੍ਰੋਗ੍ਰਾਮ ਕਰਵਾਇਆ ਗਿਆ। ਪ੍ਰੋਗਰਾਮ ਦੀ ਮਾਡਰੇਟਰ ਕੁਲਜੀਤ ਕੌਰ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਵਿਚ ਬਾਬਾ ਨਜ਼ਮੀ ਨੇ ਬਸ਼ੀਰ ਹੁਸੈਨ ਤੋਂ ਬਾਬਾ ਨਜ਼ਮੀ ਬਣਨ ਤੱਕ ਦੇ ਸਫ਼ਰ ਨੂੰ ਬਾਖ਼ੂਬੀ ਬਿਆਨ ਕੀਤਾ। ਉਹਨਾਂ ਆਪਣੇ ਮਜ਼ਦੂਰੀ ਕਰਨ ਦੇ ਸੰਘਰਸ਼ਮਈ ਜੀਵਨ, ਫਿਲਮ ਅਤੇ ਥੀਏਟਰ ਨਾਲ ਜੁੜਨ ਦੇ ਆਪਣੇ ਜੀਵਨ ਪੰਧ ਬਾਰੇ ਜਾਣਕਾਰੀ ਦਿੱਤੀ। ਆਪਣੀਆਂ ਕਾਵਿ ਪੁਸਤਕਾਂ ਬਾਰੇ ਜਾਣਕਾਰੀ ਵੀ ਦਿੱਤੀ ਅਤੇ ਆਪਣੀਆਂ ਕੁਝ ਚੋਣਵੀਆਂ ਰਚਨਾਵਾਂ ਸੁਣਾਈਆਂ। ਉਨ੍ਹਾਂ ਦਾ ਵਿਲੱਖਣ ਅੰਦਾਜ਼ ਸੀ-

ਮਸਜਿਦ ਮੇਰੀ ਤੂੰ ਕਿਉਂ ਢਾਹਵੇਂ,
ਮੈਂ ਕਿਓਂ ਢਾਹਵਾਂ ਮੰਦਿਰ ਨੂੰ
ਆ ਜਾ ਦੋਹਵੇਂ ਬਹਿ ਕੇ ਪੜ੍ਹੀਏ
ਇਕ ਦੂਜੇ ਦੇ ਅੰਦਰ ਨੂੰ
ਅੱਖਰਾਂ ਵਿਚ ਸਮੁੰਦਰ ਰੱਖਾਂ,
ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ,
ਦੀਵਾ ਬਾਲ ਪੰਜਾਬੀ ਦਾ।

ਡਾ ਸਰਬਜੀਤ ਕੌਰ ਸੋਹਲ ਨੇ ਬਾਬਾ ਨਜ਼ਮੀ ਨੂੰ ਇਕ ਅਜਿਹਾ ਕ੍ਰਾਂਤੀਕਾਰੀ ਕਵੀ ਦੱਸਿਆ ਜਿਸ ਦੀ ਕਲਮ ਅਤੇ ਵਿਚਾਰਧਾਰਾ ਦੂਸਰਿਆਂ ਲਈ ਮਿਸਾਲ ਹੈ। ਰਮਿੰਦਰ ਰੰਮੀ ਨੇ ਬਾਬਾ ਨਜ਼ਮੀ ਦੀ ਕਵਿਤਾ ਵਿੱਚ ਆਮ ਲੋਕਾਂ ਦੀਆਂ ਸੰਵੇਦਨਾਵਾਂ ਹੋਣ ਦਾ ਜ਼ਿਕਰ ਕੀਤਾ। ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੀ ਪ੍ਰਧਾਨ ਰਿੰਟੂ ਭਾਟੀਆ ਨੇ ਬਾਬਾ ਨਜ਼ਮੀ ਨੂੰ ਇਕ ਗੀਤ ਰਾਹੀਂ ਜੀ ਆਇਆਂ ਆਖਿਆ। ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਚੀਫ਼ ਐਡਵਾਈਜਰ ਪਿਆਰਾ ਸਿੰਘ ਕੁੱਦੋਵਾਲ ਨੇ ਬਾਬਾ ਨਜ਼ਮੀ ਦੀ ਕਵਿਤਾ ਵਿੱਚ ਮਜ਼ਦੂਰ ਵਰਗ ਦੀਆਂ ਚੁਨੌਤੀਆਂ ਦੀ ਗੱਲ ਕਰਦਿਆਂ ਆਧੁਨਿਕ ਯੁੱਗ ਦੇ ਮਜ਼ਦੂਰ ਵਰਗ ਲਈ ਨਵੀਆਂ ਸੰਭਾਵਨਾਵਾਂ ਅਤੇ ਸਮੱਸਿਆਵਾਂ ਦਾ ਜ਼ਿਕਰ ਕੀਤਾ। ਚੇਅਰਮੈਨ ਦਲਜੀਤ ਸਿੰਘ ਗੈਦੂ, ਅਜੈਬ ਸਿੰਘ ਚੱਠਾ, ਹਰਦਿਆਲ ਸਿੰਘ ਝੀਤਾ, ਰਛਪਾਲ ਕੌਰ ਗਿੱਲ ਨੇ ਵੀ ਬਾਬਾ ਨਜ਼ਮੀ ਦੀ ਕਵਿਤਾ ਬਾਰੇ ਵਿਚਾਰ ਪ੍ਰਗਟ ਕੀਤੇ। ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਸਰਪ੍ਰਸਤ ਪ੍ਰਸਿੱਧ ਪ੍ਰਵਾਸੀ ਪੰਜਾਬੀ ਲੇਖਕਾ ਸੁਰਜੀਤ ਕੌਰ ਨੇ ਬਾਬਾ ਨਜ਼ਮੀ ਦਾ ਧੰਨਵਾਦ ਕਰਦਿਆਂ ਉਹਨਾਂ ਦੀ ਕਵਿਤਾ ਨੂੰ ਮਾਨਵੀ ਸੰਵੇਦਨਾ ਭਰਪੂਰ ਦੱਸਿਆ। ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਦਰਸ਼ਕਾਂ ਨੇ ਭਾਗ ਲਿਆ ਜਿਹਨਾਂ ਵਿੱਚ ਸਤਿੰਦਰ ਕਾਹਲੋਂ, ਦੀਪ ਸੰਧੂ, ਡਾਕਟਰ ਸਤਿੰਦਰ ਕੌਰ ਬੁੱਟਰ, ਮਨਜੀਤ ਸੇਖੋਂ, ਪ੍ਰੋ ਵੀਨਾ ਅਰੋੜਾ, ਰਵਿੰਦਰ ਭਾਟੀਆ, ਹਰਜੀਤ ਬੰਮਰਾ, ਨਰਿੰਦਰ ਕੌਰ ਭੱਚੂ, ਦੀਪ ਕੁਲਦੀਪ, ਸੁਖਦੀਪ ਸੁਸ਼ਨ, ਪਰਜਿੰਦਰ ਕਲੇਰ, ਅਮਨਬੀਰ ਸਿੰਘ ਧਾਮੀ, ਡਾ. ਨੀਨਾ ਸੈਣੀ ਸ਼ਾਮਲ ਸਨ। ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੀ ਫਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਵਾਲੀਆ ਅਤੇ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ ਸਰਬਜੀਤ ਕੌਰ ਸੋਹਲ ਦੇ ਵਿਸ਼ੇਸ਼ ਉੱਦਮ ਨਾਲ ਕਰਵਾਏ ਇਸ ਪ੍ਰੋਗਰਾਮ ਵਿੱਚ ਆਰ ਐਸ ਐਫ ਓ ਓਨਟਾਰੀਓ ਦੇ ਪ੍ਰਧਾਨ ਦਲਜੀਤ ਸਿੰਘ ਗੇਦੂ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਭਗਵੰਤ ਮਾਨ ਵੱਲੋਂ ਨੌਂ ਵਿਭਾਗਾਂ ਦੇ ਚੇਅਰਮੈਨ ਨਿਯੁਕਤ

ਚੰਡੀਗੜ੍ਹ-ਪੰਜਾਬ ਸਰਕਾਰ ਵੱਲੋਂ ਨੌਂ ਹੋਰ ਵਿਭਾਗਾਂ ਦੇ ਚੇਅਰਮੈਨਾਂ ਦਾ ਐਲਾਨ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਾਰੀ ਹੁਕਮਾਂ ਅਨੁਸਾਰ ਮੰਗਲ ਸਿੰਘ ਨੂੰ ਪੰਜਾਬ ਖੇਤੀਬਾੜੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਦਾ ਚੇਅਰਮੈਨ ਲਾਇਆ ਗਿਆ ਹੈ। ਇਸ ਸਮੇਂ ਮੰਗਲ ਸਿੰਘ 'ਆਪ' ਲਈ ਲੋਕ ਸਭਾ ਹਲਕਾ ਜਲੰਧਰ ਦੇ ਇੰਚਾਰਜ ਵਜੋਂ ਜ਼ਿੰਮੇਵਾਰੀ ਨਿਭਾ ਰਹੇ ਹਨ। ਇਸ ਤੋਂ ਇਲਾਵਾ ਡਾ. ਸੁਖਪਾਲ ਸਿੰਘ ਨੂੰ ਪੰਜਾਬ ਰਾਜ ਕਿਸਾਨ ਕਮਿਸ਼ਨ, ਅਮਨਦੀਪ ਮੋਹੀ ਨੂੰ ਮਾਰਕਫੈੱਡ, ਬਲਦੇਵ ਸਿੰਘ ਨੂੰ ਪਨਗਰੇਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਮੁੱਖ ਮੰਤਰੀ ਨੇ ਗੋਲਡੀ ਖਰੜ ਨੂੰ ਪੰਜਾਬ ਨੌਜਵਾਨ ਵਿਕਾਸ ਬੋਰਡ, ਜਗਦੀਪ ਸਿੰਘ ਸੰਧੂ ਨੂੰ ਪੰਜਾਬ ਐਗਰੋ ਫੂਡਗਰੇਨ ਕਾਰਪੋਰੇਸ਼ਨ ਲਿਮਟਿਡ, ਸ਼ਮਿੰਦਰ ਖਿੰਡਾ ਨੂੰ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ, ਦਲਬੀਰ ਸਿੰਘ ਢਿੱਲੋਂ ਨੂੰ ਪੰਜਾਬ ਸਮਾਲ ਸਕੇਲ ਉਦਯੋਗ ਕਾਰਪੋਰੇਸ਼ਨ ਅਤੇ ਨਵਜੋਤ ਜਰਗ ਨੂੰ ਜੰਗਲਾਤ ਵਿਕਾਸ ਕਾਰਪੋਰੋਸ਼ਨ ਦਾ ਚੇਅਰਮੈਨ ਲਾਇਆ ਹੈ।

GAGAN NAHAL CRIMINAL LAWYER
ਗਗਨ ਨਾਹਲ ਕ੍ਰਿਮੀਨਲ ਵਕੀਲ
ਬੀ. ਸੀ, ਅਲਬਰਟਾ, ਮੈਨੀਟੋਬਾ ਅਤੇ ਓਨਟਾਰੀਓ ਦੀਆਂ ਕੋਰਟਾ ਵਿਚ ਕਈ ਕੇਸ ਜਿੱਤ ਚੁੱਕੇ ਹਨ

Successfully represented clients in BC, Alberta, Manitoba & Ontario

- Homicide
- Assault Charges
- Driving Offences
- Drug Charges
- Theft/Fraud
- Harrasment
- Sexual Assault
- Kidnaping
- Uttering Threats
- Firearm Offences

- ਹਮਲੇ ਦੇ ਕੇਸ
- ਕਤਲ ਦੇ ਕੇਸ
- ਡਰਾਈਵਿੰਗ ਦੇ ਕੇਸ
- ਡੱਰਗ ਚਾਰਜ
- ਚੋਰੀ/ਫਰਾਡ
- ਹਰਾਸਮੈਂਟ
- ਸੈਕਸ਼ੂਅਲ ਅਸਾਲਟ
- ਅਗਵਾ ਕਰਨ ਦੇ ਕੇਸ
- ਧਮਕੀਆਂ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ
- ਹਥਿਆਰਾਂ ਦੇ ਕੇਸ

ਅਸੀਂ ਪੰਜਾਬੀ ਤੇ ਹਿੰਦੀ ਬੋਲਦੇ ਹਾਂ



ਅੱਜ ਹੀ ਮੁਫਤ ਸਲਾਹ ਲਈ ਸੰਪਰਕ ਕਰੋ
GAGAN NAHAL
Ph: 604-527-4769
Email: gagan@gagannahal.com
Website: www.gagannahal.com
#202-6625-152A Street Surrey, BC

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca



PUNJAB LINK
# ਪੰਜਾਬ ਲਿੰਕ
ਸ਼ਨਿੱਚਰਵਾਰ, 3 ਸਤੰਬਰ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465



For All Your Real Estate Needs
Amrik Cheema
*PREC
604-369-7000
CENTURY 21 Coastal Realty Ltd.

#105-7928 128th St., Surrey, BC, V3W 4E8
info@amrikcheema.com


# ਪੰਜਾਬੀ ਲਿਖਾਰੀ ਸਭਾ (ਰਜਿ:) ਸਿਆਟਲ ਵੱਲੋਂ 'ਸੁਣ ਪੰਜਾਬ ਸਿਆਂ' ਪੁਸਤਕ ਦੀ ਘੁੰਡ ਚੁਕਾਈ

ਸਰੀ (ਹਰਦਮ ਮਾਨ)-ਪੰਜਾਬੀ ਲਿਖਾਰੀ ਸਭਾ (ਰਜਿ:)ਸਿਆਟਲ ਵੱਲੋਂ ਖਾਲਸਾ ਗੁਰਮਤਿ ਸਕੂਲ ਆਬਰਨ ਵਿੱਚ ਇਕ ਪ੍ਰਭਾਵਸ਼ਾਲੀ ਸਾਹਿਤਕ ਪ੍ਰੋਗਰਾਮ ਵਿਚ ਪੰਜਾਬ ਦੀ ਰੂਹ ਵਿਚ ਵਸੇ ਪੰਜਾਬੀ ਗੀਤ



ਅਤੇ ਕਵਿਤਾਵਾਂ ਦੀ ਸਾਧੂ ਸਿੰਘ ਝੱਜ ਦੁਆਰਾ ਰਚਿਤ ਕਿਤਾਬ 'ਸੁਣ ਪੰਜਾਬ ਸਿਆਂ' ਦੀ ਘੁੰਡ ਚੁਕਾਈ ਕੀਤੀ ਗਈ। ਸਭਾ ਦੇ ਪ੍ਰਧਾਨ ਹਰਪਾਲ ਸਿੰਘ ਸਿੱਧੂ ਨੇ ਸਭਾ ਬਾਰੇ ਜਾਣ ਪਛਾਣ ਕਰਾਉਦਿਆਂ ਹਾਜ਼ਰ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਇੰਟਰਨੈਟ ਦੇ ਚੁੰਗਲ ਵਿੱਚ ਫਸੇ ਅੱਜ ਦੇ ਸਮਾਜ ਵਿੱਚ ਕਾਵਿ-ਸਿਰਜਨਾ ਦੇ ਕੰਮ ਨੂੰ ਚੁਣੌਤੀ ਭਰਪੂਰ ਦੱਸਦਿਆਂ ਕਿਤਾਬ ਵਿੱਚੋਂ ਇਕ ਕਵਿਤਾ ਵੀ ਸਾਂਝੀ ਕੀਤੀ। ਉਪਰੰਤ ਹਾਜਰ ਮੈਂਬਰਾਂ ਵੱਲੋਂ 'ਸੁਣ ਪੰਜਾਬ ਸਿਆਂ' ਕਿਤਾਬ ਨੂੰ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਇਆ ਗਿਆ। ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿਧੂ ਨੇ ਇਕ ਗੀਤ 'ਰੱਬਾ ਹਾਸੇ ਖੇੜੇ ਧੀਆਂ ਦੇ ਤੂੰ ਚੇਹਰਿਆਂ ਤੇ ਰੱਖੀਂ' ਤਰੰਨਮ ਵਿੱਚ ਗਾ ਕੇ ਸਰੋਤਿਆਂ ਨੂੰ ਭਾਵਕ ਕਰ ਦਿੱਤਾ। ਮੀਤ ਪ੍ਰਧਾਨ ਬਲਿਹਾਰ ਲੇਹਲ ਨੇ 'ਪਵਨ ਗੁਰੂ ਪਾਣੀ ਪਿਤਾ, ਫਰਮਾਉਂਦੀ ਹੈ ਗੁਰੂਆਂ ਦੀ ਬਾਣੀ, ਤੇਰਾ ਪਿੰਡ ਬੋਲਦਾ' ਕਿਤਾਬ ਦਾ ਹਿੱਸਾ ਬਣੇ ਗੀਤਾਂ ਨੂੰ ਬੋਲ ਕੇ ਕਿਤਾਬ ਦੀ ਜਾਣ ਪਛਾਣ ਕਰਵਾਈ। ਪੰਜਾਬੀ ਗੀਤਾਂ ਦੇ ਸਿਆਟਲੀ-ਬੋਹੜ ਹਰਦਿਆਲ ਸਿੰਘ ਚੀਮਾ ਨੇ ਕਿਤਾਬ ਦੇ ਵਿਸ਼ਾ ਪੱਖ ਅਤੇ ਕਲਾ ਪੱਖ ਤੇ ਵਿਸਤਾਰ ਵਿਚ ਚਾਨਣਾ ਪਾਉਂਦਿਆਂ ਲੇਖਕ ਨੂੰ ਵਧਾਈ ਦਿੱਤੀ। ਵਿਅੰਗਕਾਰ ਮੰਗਤ ਕੁਲਜਿੰਦ ਨੇ 'ਸੁਣ ਪੰਜਾਬ ਸਿਆਂ' ਨੂੰ ਪੰਜਾਬੀ ਕਾਵਿ ਸਾਹਿਤ ਦੀ ਪ੍ਰਾਪਤੀ ਦੱਸਦਿਆਂ ਇਕ ਗੀਤ 'ਰੱਬ ਕਹਿੰਦੇ ਮਾਪਿਆਂ ਵਿੱਚ ਵੱਸਦਾ' ਪੇਸ਼ ਕਰਕੇ ਹਾਜ਼ਰੀ ਲਵਾਈ। ਸਭਾ ਦੇ ਖਜ਼ਾਨਚੀ ਪ੍ਰਿਤਪਾਲ ਸਿੰਘ ਨੇ ਸਾਡੇ ਸਮਾਜ ਦੇ ਕਿਰਦਾਰਾਂ ਤੇ ਅੱਜ ਵੀ ਢੁੱਕਦੀ ਬਹੁਤ ਚਿਰ ਪਹਿਲਾਂ ਲਿਖੀ ਕਵਿਤਾ ਸੁਣਾਈ। ਸੁਰਜੀਤ ਸਿੰਘ ਸਿਧੂ ਬੰਬੀਹਾ ਭਾਈਕਾ ਨੇ ਕਵੀਸ਼ਰੀ-ਬੱਦਲ ਬਾਬੂ ਰਜਬ ਅਲੀ ਸਾਹੋ ਕੇ ਵਾਲਿਆਂ ਦੀ ਕਵੀਸ਼ਰੀ 'ਆਵੇ ਵਤਨ ਪਿਆਰਾ ਚੇਤੇ' ਨਾਲ ਨਜ਼ਾਰਾ ਬੰਨ੍ਹਿਆਂ। ਰਿਕਾਰਡ ਹੋਏ ਸੈਂਕੜੇ ਗੀਤਾਂ ਦੇ ਗੀਤ-ਸਿਰਤਾਜ ਬਲਬੀਰ ਸਿੰਘ ਲਹਿਰਾ ਨੇ, 'ਜਦ ਦੀ ਤੇਰੀ ਧੀ ਹੋ ਗਈ ਮੁਟਿਆਰ ਬਾਬਲਾ ਵੇ',ਗਾ ਕੇ ਸਮੇਂ ਨੂੰ ਬੰਨ੍ਹ ਦਿੱਤਾ। ਸਿਆਟਲ ਦੀ ਧਾਰਮਿਕ ਅਤੇ ਸਮਾਜ ਸੇਵੀ ਸ਼ਖਸ਼ੀਅਤ ਹਰਸ਼ਿੰਦਰ ਸਿੰਘ ਸੰਧੂ, ਚਰਨ ਸਿੰਘ ਸੰਧੂ, ਅਮਰੀਕ ਸਿੰਘ ਅਤੇ ਜਰਨੈਲ ਸਿੰਘ ਨੇ ਲੇਖਕ ਨੂੰ ਵਧਾਈਆਂ ਦਿੱਤੀਆਂ। ਲਾਲੀ ਸੰਧੂ ਨੇ ਸੁਝਾਅ ਦਿੱਤਾ ਕਿ ਲੇਖਕਾਂ ਨੂੰ ਲਿਖਣ ਲੱਗਿਆਂ ਨੌਜਵਾਨਾਂ ਦੇ ਪੱਧਰ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਇਸ ਮੌਕੇ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਮੁਦੱਈ ਅਤੇ ਸਾਹਿਤ ਪ੍ਰੇਮੀ ਨੌਜਵਾਨ ਨਵੀਨ ਰਾਏ ਅਤੇ ਸ਼ਸ਼ੀ ਪ੍ਰਾਸ਼ਰ ਸਾਹਿਤ ਸਭਾ ਦੇ ਕੁਨਬੇ ਵਿੱਚ ਸ਼ਾਮਿਲ ਹੁੰਦਿਆਂ ਸਾਹਿਤ ਲਈ ਅਤੇ ਸਵੈ ਸੇਵੀ ਸੰਸਥਾਵਾਂ ਲਈ ਆਪਣੀਆਂ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ। ਸਭਾ ਵੱਲੋਂ ਸਭਾ ਦੀ ਸਰਪ੍ਰਸਤ ਸਵਰਾਜ ਕੌਰ ਨੂੰ ਪੰਜਾਬ ਭਵਨ ਵੱਲੋਂ ਸ੍ਰ.ਅਰਜਨ ਸਿੰਘ ਬਾਠ ਐਵਾਰਡ ਲਈ ਚੁਣੇ ਜਾਣ ਤੇ ਮੁਬਾਰਕਾਂ ਦਿੱਤੀਆਂ ਗਈਆਂ। ਅੰਤ ਵਿਚ ਕਿਤਾਬ ਬਾਰੇ ਆਪਣੇ ਤਜਰਬੇ ਸਾਂਝੇ ਕਰਦਿਆਂ ਸਾਧੂ ਸਿੰਘ ਝੱਜ ਨੇ ਹਾਜ਼ਰ ਹੋਏ ਸਭ ਸੱਜਣਾਂ ਦਾ ਧੰਨਵਾਦ ਕੀਤਾ। ਕਾਵਿ ਦੇ ਵੱਖ ਵੱਖ ਰੂਪਾਂ- ਗੀਤ ਕਵਿਤਾਵਾਂ, ਕਾਵਿ-ਹਾਸ,ਕਵੀਸ਼ਰੀ ਨਾਲ ਸ਼ਿੰਗਾਰੇ ਸਮਾਗਮ ਦੀ ਸਟੇਜ ਦਾ ਸੰਚਾਲਨ ਸਭਾ ਦੇ ਸਕੱਤਰ ਡਾ. ਸੁਖਵੀਰ ਬੀਹਲਾ ਨੇ ਬਾਖ਼ੂਬੀ ਕੀਤਾ।


Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION

## 14317 31A AVENUE, SURREY




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

## #92 15111 EDMUND DRIVE




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

## UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

## LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

## LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.


Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
MES MEDALLION CLUB MEMBER
Ram Johal
604-356-5555

www.sunnysangha.com | info@sunnysangha.com



# ਉੱਘੇ ਪੱਤਰਕਾਰ ਯਾਦਵਿੰਦਰ ਸਿੰਘ ਕਰਫਿਊ ਅਤੇ ਲੇਖਿਕਾ ਗੁਲਸ਼ਨ ਦਿਆਲ ਨਾਲ ਵਿਸ਼ੇਸ਼ ਸੰਵਾਦ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬ ਤੋਂ ਆਏ ਪ੍ਰਸਿੱਧ ਪੱਤਰਕਾਰ ਅਤੇ ਪ੍ਰੋ-ਪੰਜਾਬ ਚੈਨਲ ਦੇ ਸੰਚਾਲਕ ਯਾਦਵਿੰਦਰ ਸਿੰਘ ਕਰਫਿਊ ਅਤੇ ਅਮਰੀਕਾ ਤੋਂ ਆਈ ਲੇਖਿਕਾ ਗੁਲਸ਼ਨ ਦਿਆਲ ਨਾਲ ਵਿਸ਼ੇਸ਼ ਸੰਵਾਦ ਰਚਾਇਆ ਗਿਆ। ਜਰਨੈਲ ਆਰਟਸ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਗੁਰਦੇਵ ਸਿੰਘ ਦਰਦੀ ਵੱਲੋਂ ਪੰਜਾਬੀ ਮਾਂ ਬੋਲੀ ਸਬੰਧੀ ਗਾਏ ਗੀਤ ਨਾਲ ਹੋਈ। ਜਰਨੈਲ ਸਿੰਘ ਆਰਟਿਸਟ ਨੇ ਸਭ ਨੂੰ ਆਇਆਂ ਕਿਹਾ ਅਤੇ ਵੈਨਕੂਵਰ ਵਿਚਾਰ ਮੰਚ ਦੇ ਉਦੇਸ਼ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਮੰਚ ਉਪਰ ਸਰੀ ਵਿਚ ਆਉਣ ਵਾਲੇ ਮਹਿਮਾਨ ਸਾਹਿਤਕਾਰਾਂ, ਪੱਤਰਕਾਰਾਂ, ਵਿਦਵਾਨਾਂ, ਕਲਾਕਾਰਾਂ ਨੂੰ ਵਿਸ਼ੇਸ਼ ਮਾਣ ਦਿੱਤਾ ਜਾਂਦਾ ਹੈ ਅਤੇ ਵਿਚਾਰਧਾਰਾ ਤੋਂ ਉੱਪਰ ਉੱਠ ਕੇ ਖੁੱਲ੍ਹੀ ਗੱਲਬਾਤ ਕੀਤੀ ਜਾਂਦੀ ਹੈ। ਮੰਚ ਦੇ ਸੰਚਾਲਕ ਮੋਹਨ ਗਿੱਲ ਨੇ ਯਾਦਵਿੰਦਰ ਸਿੰਘ ਕਰਫਿਊ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬੀ ਪੱਤਰਕਾਰੀ ਵਿਚ ਉਨ੍ਹਾਂ ਦਾ ਵਿਸ਼ੇਸ਼ ਨਾਮ ਹੈ ਅਤੇ ਉਹ ਬੜੀ ਬੇਬਾਕੀ ਅਤੇ ਨਿੱਡਰਤਾ ਨਾਲ ਪੱਤਰਕਾਰੀ ਦੇ ਧਰਮ ਨੂੰ ਨਿਭਾਅ ਰਹੇ ਹਨ। ਯਾਦਵਿੰਦਰ ਸਿੰਘ ਕਰਫਿਊ ਨੇ ਪੰਜਾਬ ਬਾਰੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਪੰਜਾਬ ਦੇ ਪਿਛਲੇ ਸਮੇਂ ਦੇ ਹਾਲਾਤ ਅਤੇ ਮੌਜੂਦਾ ਹਾਲਾਤ ਬਾਰੇ ਵਿਸਥਾਰ ਵਿਚ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਦੂਰਅੰਦੇਸ਼ੀ ਅਤੇ ਪ੍ਰਤੀਬੱਧ ਆਗੂ ਦੀ ਘਾਟ ਹੈ ਅਤੇ ਅਜੇ ਤੱਕ ਅਜਿਹੀ ਕੋਈ ਸ਼ਖ਼ਸੀਅਤ ਨਜ਼ਰ ਨਹੀਂ ਆ ਰਹੀ ਜੋ ਇਸ ਤਰ੍ਹਾਂ ਦੀ ਸੋਚ ਨਾਲ ਪੰਜਾਬ ਨੂੰ ਸਹੀ ਅਗਵਾਈ ਦੇ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਤੱਕ ਰਾਜਨੀਤਕ ਲੋਕਾਂ, ਪੁਲਿਸ ਅਤੇ ਅਫਸਰਸ਼ਾਹੀ ਦੇ ਗੱਠਜੋੜ ਨੂੰ ਮਾਤ ਨਹੀਂ ਦਿੱਤੀ ਜਾਂਦੀ ਉਦੋਂ ਤੱਕ ਪੰਜਾਬ ਅਤੇ ਮੁਲਕ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਉਨ੍ਹਾਂ ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਪੈਦਾ ਹੋਏ ਗੈਂਗ ਕਲਚਰ, ਪ੍ਰੈਸ ਦੇ ਰੋਲ ਬਾਰੇ ਵਿਚਾਰ ਪ੍ਰਗਟ ਕੀਤੇ ਅਤੇ ਕਿਹਾ ਕਿ ਨਵੀਂ ਸਰਕਾਰ ਦੇ ਆਉਣ ਨਾਲ ਹਾਲੇ ਤੱਕ ਕੋਈ ਬਹੁਤੀ ਵੱਡੀ ਤਬਦੀਲੀ ਸਾਹਮਣੇ ਨਜ਼ਰ ਨਹੀਂ ਆਈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਹਰ ਸਰਕਾਰ ਦਾ ਹੀ ਪ੍ਰੈਸ ਉਪਰ ਦਬਦਬਾ ਰਿਹਾ ਹੈ ਅਤੇ ਰਹੇਗਾ ਵੀ। ਯਾਦਵਿੰਦਰ ਕਰਫਿਊ ਨੇ ਕੈਨੇਡਾ ਦੇ ਸਿਸਟਮ ਅਤੇ ਵਿਸ਼ੇਸ਼ ਕਰਕੇ ਇੱਥੇ ਵਸਦੇ ਪੰਜਾਬੀ ਭਾਈਚਾਰੇ ਬਾਰੇ ਵੀ ਗੱਲਬਾਤ ਕੀਤੀ। ਲੇਖਿਕਾ ਗੁਲਸ਼ਨ ਦਿਆਲ ਨੇ ਆਪਣੇ ਵਿਦਿਅਕ ਜੀਵਨ ਦੱਸਿਆ ਅਤੇ ਕਿਹਾ ਕਿ ਉਸ ਨੇ ਸਾਹਿਤਕ ਤੌਰ ਤੇ ਬਹੁਤੀ ਰਚਨਾ ਤਾਂ ਨਹੀਂ ਕੀਤੀ ਪਰ ਸਾਹਿਤ ਦੀ ਉਹ ਬਹੁਤ ਵੱਡੀ ਪਾਠਕ ਜ਼ਰੂਰ ਹੈ। ਉਸ ਨੇ ਇਸ ਮੌਕੇ ਆਪਣੀਆਂ ਕੁਝ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ। ਦੋਹਾਂ ਸ਼ਖ਼ਸੀਅਤਾਂ ਨਾਲ ਸਮੁੱਚੀ ਗੱਲਬਾਤ ਦੌਰਾਨ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਭੁਪਿੰਦਰ ਮੱਲ੍ਹੀ, ਕਾਮਰੇਡ ਨਵਰੂਪ ਸਿੰਘ, ਅੰਗਰੇਜ਼ ਬਰਾੜ, ਦਰਸ਼ਨ ਸੰਘਾ ਅਤੇ ਪ੍ਰੋ. ਅਵਤਾਰ ਵਿਰਦੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਹਰਮੀਤ ਸਿੰਘ ਖੁੱਡੀਆਂ, ਹਰਦਮ ਸਿੰਘ ਮਾਨ, ਮਹਿੰਦਰਪਾਲ ਸਿੰਘ ਪਾਲ ਅਤੇ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ।

# ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਨੇ ਆਪਣੀਆਂ 9 ਪੁਸਤਕਾਂ ਦੇ ਰਾਖਵੇਂ ਹੱਕ ਜੁਝਾਰ ਸਿੰਘ ਯੂ.ਕੇ. ਨੂੰ ਸੌਂਪੇ

ਸਰੀ (ਹਰਦਮ ਮਾਨ)-ਨਾਮਵਰ ਸਿੱਖ ਚਿੰਤਕ ਅਤੇ ਵਿਦਵਾਨ ਜੈਤੇਗ ਸਿੰਘ ਅਨੰਤ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਸੰਬੰਧੀ ਸੰਪਾਦਿਤ ਅਤੇ ਪ੍ਰਕਾਸ਼ਿਤ ਆਪਣੀਆਂ 9 ਪੁਸਤਕਾਂ ਦੇ ਰਾਖਵੇਂ ਹੱਕ ਭਾਈ ਰਣਧੀਰ ਸਿੰਘ ਟਰੱਸਟ ਯੂ.ਕੇ ਦੇ ਸੰਚਾਲਕ ਜੁਝਾਰ ਸਿੰਘ ਨੂੰ ਸੌਂਪ ਦਿੱਤੇ ਹਨ। ਬੀਤੇ ਦਿਨ ਇੰਗਲੈਂਡ ਤੋਂ ਵਿਸ਼ੇਸ਼ ਤੌਰ ਤੇ ਉਨ੍ਹਾਂ ਦੇ ਨਿਵਾਸ ਸਥਾਨ ਸਰੀ ਵਿਖੇ ਪੁੱਜੇ ਜੁਝਾਰ ਸਿੰਘ ਨੂੰ ਲਿਖਤੀ ਰੂਪ ਵਿਚ ਇਕ ਅਧਿਕਾਰਤ ਪੱਤਰ ਸੌਂਪਦਿਆਂ ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਉਨ੍ਹਾਂ ਦੀ ਸਿਹਤ ਠੀਕ ਨਹੀਂ ਚੱਲ ਰਹੀ ਜਿਸ ਕਰਕੇ ਉਨ੍ਹਾਂ ਮਾਰਚ 2008 ਤੋਂ ਮਾਰਚ 2014 ਤਕ ਸੰਪਾਦਿਤ ਕੀਤੀਆਂ 9 ਪੁਸਤਕਾਂ (ਜਨ ਪਰਉਪਕਾਰੀ ਆਈ, ਸਿਰਦਾਰ, ਪੰਚਨਦ, ਰਾਗਮਾਲਾ ਦਰਪਨ, ਰਾਗਮਾਲਾ ਨਿਰਣਯ, ਸਿਮਰਤੀ ਗ੍ਰੰਥ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਗ਼ਦਰੀ ਯੋਧੇ, ਗ਼ਦਰ ਲਹਿਰ ਦੀ ਕਹਾਣੀ, ਗ਼ਦਰ ਦੀ ਗੂੰਜ ਤੇ ਭਾਈ ਸਾਹਿਬ ਰਣਧੀਰ ਸਿੰਘ) ਦੇ ਕਾਪੀ ਰਾਈਟਸ ਜੁਝਾਰ ਸਿੰਘ ਨੂੰ ਸੌਂਪ ਦੇਣ ਦਾ ਫੈਸਲਾ ਕੀਤਾ ਹੈ ਤਾਂ ਜੋ ਭਵਿੱਖ ਵਿਚ ਜਦੋਂ ਵੀ ਇਨ੍ਹਾਂ ਪੁਸਤਕਾਂ ਨੂੰ ਮੁੜ ਪ੍ਰਕਾਸ਼ਨ ਕਰਨ ਦੀ ਜ਼ਰੂਰਤ ਪਵੇ ਤਾਂ ਭਾਈ ਰਣਧੀਰ ਸਿੰਘ ਟਰੱਸਟ ਯੂ.ਕੇ. ਲੋੜ ਅਨੁਸਾਰ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰ ਸਕੇ। ਅਧਿਕਾਰਤ ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਪੁਸਤਕਾਂ ਦੇ ਪ੍ਰਕਾਸ਼ਨਾਂ ਵਿਚੋਂ ਮਿਲੀ ਲਾਭ ਪੂੰਜੀ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਯੂ.ਕੇ. ਨੂੰ ਦਿੱਤੀ ਜਾਵੇ ਤਾਂ ਜੋ ਉਹ ਸਿੱਖੀ ਦੇ ਪ੍ਰਚਾਰ ਤੇ ਪਾਸਾਰ ਦੀ ਪ੍ਰਫੁੱਲਤਾ ਲਈ ਹੋਰ ਉਤਸ਼ਾਹ ਨਾਲ ਕਾਰਜ ਕਰ ਸਕਣ। ਇਸ ਮੌਕੇ ਜੁਝਾਰ ਸਿੰਘ ਨੇ ਜੈਤੇਗ ਸਿੰਘ ਅਨੰਤ ਦੇ ਇਸ ਫੈਸਲੇ ਲਈ ਦਿਲੀ ਧੰਨਵਾਦ ਕਰਦਿਆਂ ਕਿਹਾ ਕਿ ਇਹ ਮੇਰਾ ਸੁਭਾਗ ਹੈ ਕਿ ਸ. ਅਨੰਤ ਹੁਰਾਂ ਮੇਰੇ ਉਪਰ ਵਿਸ਼ਵਾਸ ਪ੍ਰਗਟ ਕੀਤਾ ਹੈ। ਉਨ੍ਹਾਂ ਯਕੀਨ ਦੁਆਇਆ ਕਿ ਉਹ ਇਸ ਵਿਸ਼ਵਾਸ ਨੂੰ ਕੋਈ ਆਂਚ ਨਹੀਂ ਆਉਣ ਦੇਣਗੇ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਵਿਚਾਰਾਂ ਨੂੰ ਆਮ ਲੋਕਾਂ ਤੀਕ ਅਤੇ ਵਿਸ਼ੇਸ਼ ਕਰਕੇ ਨਵੀਂ ਪੀੜ੍ਹੀ ਤੱਕ ਪੁਚਾਉਣ ਦਾ ਕਾਰਜ ਦ੍ਰਿੜਤਾ ਨਾਲ ਕਰਦੇ ਰਹਿਣਗੇ।




ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੌਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


# ਅਮਰੀਕਾ 'ਚ ਗ਼ੈਰਕਾਨੂੰਨੀ ਢੰਗ ਨਾਲ ਦਾਖਲ ਹੁੰਦੇ ਫੜੇ 100 ਪਰਵਾਸੀਆਂ 'ਚੋਂ 17 ਭਾਰਤੀ

ਨਿਊਯਾਰਕ-ਕੈਲੀਫੋਰਨੀਆ ਵਿੱਚ ਸਰਹੱਦੀ ਚੌਕੀ 'ਤੇ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੁੰਦੇ ਫੜੇ ਗਏ 100 ਪਰਵਾਸੀਆਂ ਦੇ ਸਮੂਹ ਵਿੱਚ 17 ਭਾਰਤੀ ਨਾਗਰਿਕ ਹਨ। ਇੰਪੀਰੀਅਲ ਬੀਚ ਸਟੇਸ਼ਨ ਤੋਂ ਸੈਨ ਡਿਏਗੋ ਸੈਕਟਰ ਬਾਰਡਰ ਪੈਟਰੋਲ ਏਜੰਟਾਂ ਨੇ ਮੰਗਲਵਾਰ ਸਵੇਰੇ ਤੜਕੇ 2 ਵਜੇ 100 ਪਰਵਾਸੀਆਂ ਦੇ ਸਮੂਹ ਨੂੰ ਗ੍ਰਿਫਤਾਰ ਕੀਤਾ, ਜਿਸ ਵਿੱਚ ਅਫਰੀਕਾ, ਏਸ਼ੀਆ ਅਤੇ ਦੱਖਣੀ ਅਮਰੀਕਾ ਦੇ ਨਾਗਰਿਕ ਸ਼ਾਮਲ ਸਨ। ਸਮੂਹ ਵਿੱਚ ਸੋਮਾਲੀਆ (37), ਭਾਰਤ (17), ਅਫਗਾਨਿਸਤਾਨ (6), ਪਾਕਿਸਤਾਨ (4) ਸਮੇਤ 12 ਦੇਸ਼ਾਂ ਦੇ ਨਾਗਰਿਕ ਹਨ।

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR Google REVIEW !**

Link! hughesco.com *for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# MJM FURNITURE

## Long Weekend Special Sale

From Saturday Sept. 03, till Monday Sept. 05

All Items in the Store

# 50% OFF



Lots of Design
Best Quality
Best Price

Expressing Your Interior World



## Finance Available O.A.C

Quality Furniture for Your Home.
Come visit our showroom. Over 34,000 sq ft of quality Fine Furniture

## THREE LOCATIONS TO SERVE YOU

604-596-9901
13570 - 77th Ave., Surrey, BC

604-522-1388
#2, 1315 United Boulevard, Coquitlam BC

3057 grandview hwy vancouver, 604-454-1191

# ਨਿਊਵਾਰਕ ਵਿਖੇ ਲਾਜ ਨੀਲਮ ਸੈਣੀ ਦੀ ਪੁਸਤਕ 'ਲਟ ਲਟ ਬਲ਼ਦਾ ਦੀਵਾ' ਰਿਲੀਜ਼

## ਪਰਤ ਦਰ ਪਰਤ ਹਕੀਕਤਾਂ ਦੀ ਗਾਥਾ ਹੈ ਲਟ ਲਟ ਬਲ਼ਦਾ ਦੀਵਾ-ਡਾ. ਹਰਿੰਦਰ ਸਿੰਘ ਤੁੜ

ਹੇਵਰਡ (ਹਰਦਮ ਮਾਨ)-ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ (ਵਿਪਸਾ) ਵੱਲੋਂ ਮਹਿਰਾਨ ਰੈਸਟੋਰੈਂਟ ਨਿਊਵਾਰਕ ਵਿਚ ਨੀਲਮ ਸੈਣੀ ਦੀ ਪੁਸਤਕ 'ਲਟ ਲਟ ਬਲ਼ਦਾ ਦੀਵਾ' ਰਿਲੀਜ਼ ਕਰਨ ਹਿਤ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਹਰਜਿੰਦਰ ਕੰਗ, ਐਸ ਅਸ਼ੋਕ ਭੌਰਾ, ਡਾ. ਗੁਰਪ੍ਰੀਤ ਸਿੰਘ ਧੁੱਗਾ ਅਤੇ ਅਮਰਜੀਤ ਕੌਰ ਪੰਨੂੰ ਨੇ ਕੀਤੀ। ਸ਼ੁਰੂਆਤ ਵਿਚ ਵਿਪਸਾ ਦੀ ਮੀਤ ਪ੍ਰਧਾਨ ਅਮਰਜੀਤ ਕੌਰ ਪੰਨੂੰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਜਨਰਲ ਸਕੱਤਰ ਕੁਲਵਿੰਦਰ ਨੇ ਪ੍ਰਸਿੱਧ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੂੰ ਸ਼ਬਦ ਗਾਇਨ ਲਈ ਸੱਦਾ ਦਿੱਤਾ। ਸਾਹਿਲ ਨੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਸ਼ਬਦ ਗਾਇਨ ਕਰਕੇ ਸਰੋਤਿਆਂ ਨੂੰ ਵਿਸਮਾਦਤ ਕਰ ਦਿੱਤਾ। ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਡਾ. ਹਰਿੰਦਰ ਸਿੰਘ ਤੁੜ ਦਾ ਲਿਖਿਆ ਪਰਚਾ 'ਲਟ ਲਟ ਬਲ਼ਦਾ ਦੀਵਾ: ਪਰਤ ਦਰ ਪਰਤ ਹਕੀਕਤਾਂ ਦੀ ਗਾਥਾ' ਅਵਤਾਰ ਸਿੰਘ ਗੋਂਦਾਰਾ ਨੇ ਭਾਵ ਪੂਰਤ ਢੰਗ ਨਾਲ਼ ਪੜ੍ਹਿਆ। ਇਸ ਪਰਚੇ ਅਨੁਸਾਰ ਲਾਜ ਨੀਲਮ ਸੈਣੀ ਨੇ ਵੱਖ-ਵੱਖ ਵਿਧਾਵਾਂ ਵਿਚ ਦਰਜਨ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਇਸ ਪਲੇਠੇ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਮਨੁੱਖਤਾ ਦੇ ਮਾਰਗ ਦਰਸ਼ਨ ਦੀ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਤਣਾਓ ਭਰੇ ਮਹੌਲ ਵਿੱਚ ਰਾਹਤ, ਸ਼ਾਂਤੀ, ਦਿਲ ਨੂੰ ਧਰਵਾਸ, ਚੇਤੰਨਤਾ, ਜੀਵਨ ਜਾਚ, ਉਮੰਗ-ਤਰੰਗ, ਹੌਸਲਾ, ਪਿਆਰ, ਰਿਸ਼ਤਿਆਂ ਦੀ ਪਰਪੱਕਤਾ ਤੇ ਮਨੁੱਖ ਨਾਲ਼ ਮਨੁੱਖ ਦਾ ਮੇਲ ਦੀਆਂ ਜੁਗਤਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਸੰਗ੍ਰਹਿ ਵਿਚ ਦਰਜ ਗਿਆਰਾਂ ਕਹਾਣੀਆਂ ਵਿੱਚੋਂ 'ਚਿਹਰੇ' ਕਹਾਣੀ ਚਰਚਿਤ ਕਹਾਣੀਆਂ ਵਿੱਚ ਸ਼ਾਮਲ ਹੋਣੀ ਚਾਹੀਦੀ ਹੈ। ਕਹਾਣੀਆਂ ਪੜ੍ਹਦੇ ਇਝ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਕੋਲ਼ ਬੈਠ ਕੇ ਬਿਰਤਾਂਤ ਸੁਣ ਰਿਹਾ ਹੋਵੇ। ਨੀਲਮ ਸੈਣੀ ਨੇ ਮਨੁੱਖਤਾ ਨੂੰ ਨਵੀਆਂ ਉਡਾਰੀਆਂ ਦਿੱਤੀਆਂ ਹਨ ਪਰ ਪੰਜਾਬੀ ਧਰੋਹਰ ਨੂੰ ਕਾਇਮ ਰੱਖਿਆ ਹੈ। ਡਾ. ਤੁੜ ਦੇ ਸਰਲ, ਸਪਸ਼ਟ ਅਤੇ ਭਾਵਪੂਰਤ ਪਰਚੇ ਦੀ ਹਾਜ਼ਰ ਸਰੋਤਿਆਂ ਵਲੋਂ ਭਰਵੀਂ ਪ੍ਰਸ਼ੰਸਾ ਕੀਤੀ ਗਈ।







ਆਧੁਨਿਕ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਅਜਮੇਰ ਸਿੱਧੂ ਦਾ ਰਿਕਾਰਡ ਕੀਤਾ ਸੁਨੇਹਾ ਸੁਣਾਇਆ ਗਿਆ ਜਿਸ ਵਿਚ ਉਨ੍ਹਾਂ ਕਿਹਾ ਕਿ ਨੀਲਮ ਸੈਣੀ ਦੀਆਂ ਪਹਿਲੀਆਂ ਦੋ ਕਹਾਣੀਆਂ 'ਸਿਟੀਜਨਸ਼ਿਪ' ਅਤੇ 'ਡਾਰੋਂ ਵਿਛੜੀ ਕੂੰਜ' ਦੀ 2006 ਵਿੱਚ ਬਹੁਤ ਚਰਚਾ ਹੋਈ ਸੀ। ਇਨ੍ਹਾਂ ਕਹਾਣੀਆਂ ਵਿਚ ਭੂ ਹੇਰਵਾ ਸੀ। ਉਸ ਤੋਂ ਬਾਦ ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਉਸਨੇ ਪਰਵਾਸੀਆਂ ਦੀ ਜ਼ਿੰਦਗੀ ਨਾਲ਼ ਜੁੜੇ ਵੱਖ-ਵੱਖ ਮਸਲਿਆਂ ਅਤੇ ਅੰਤਰ ਰਾਸ਼ਟਰੀ ਮਸਲਿਆਂ ਨੂੰ ਵਿਸ਼ੇ ਬਣਾਇਆ ਹੈ। ਬਲਵਿੰਦਰ ਕੌਰ ਮੰਡ ਨੇ ਕਿਹਾ ਕਿ ਇਹ ਕਹਾਣੀਆਂ ਬਹੁਤ ਰੌਚਿਕ ਵੀ ਹਨ ਅਤੇ ਸਮਾਜ ਲਈ ਸੁਨੇਹਾ ਵੀ ਹਨ। ਕਹਾਣੀਆਂ ਪੜ੍ਹ ਕੇ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਹ ਸਾਡੀਆਂ ਕਹਾਣੀਆਂ ਹੋਣ।'ਲਟ ਲਟ ਬਲ਼ਦਾ ਦੀਵਾ' ਅਤੇ 'ਪਛਤਾਵੇ ਦੀ ਅੱਗ' ਤਾਂ ਹਰ ਪਰਵਾਸੀ ਦੀ ਕਹਾਣੀ ਹੈ। 'ਰੂਹਾਨੀ' ਕਹਾਣੀ ਵੀ ਹਰ ਘਰ ਵਿੱਚ ਵਾਪਰਨ ਵਾਲ਼ੀ ਕਹਾਣੀ ਹੈ ਅਤੇ ਇਸ ਕਹਾਣੀ ਵਿੱਚ ਨੂੰਹ-ਸੱਸ ਦੇ ਰਿਸ਼ਤੇ ਦੇ ਤੰਦ ਨੂੰ ਬੜੇ ਸਲੀਕੇ ਨਾਲ਼ ਜੋੜਨ ਦੀ ਸਫ਼ਲ ਕੋਸ਼ਿਸ਼ ਹੋਈ ਹੈ। ਕਹਾਣੀਕਾਰਾ ਕੋਲ਼ ਮੁਹਾਵਰਾ ਹੈ ਅਤੇ ਵਿਆਕਰਣ ਉੱਪਰ ਵੀ ਪੂਰੀ ਪਕੜ ਹੈ। ਸੁਰਿੰਦਰ ਸੋਹਲ ਦਾ ਸੰਦੇਸ਼ ਅਮਰਜੀਤ ਪੰਨੂੰ ਨੇ ਪੜ੍ਹ ਕੇ ਸੁਣਾਇਆ। ਇਸ ਸੰਦੇਸ਼ ਮੁਤਾਬਿਕ ਕਹਾਣੀਆਂ ਦੇ ਪਾਤਰ ਏਨੇ ਜਾਣੇ ਪਛਾਣੇ ਨੇ ਜਿਵੇਂ ਤੁਸੀਂ ਤੁਰੇ ਜਾ ਰਹੇ ਹੋਵੋ ਤੇ ਅਚਾਨਕ ਕਿਸੇ ਨੁੱਕਰੋਂ ਤੁਹਾਡਾ ਵਾਕਿਫ਼ ਆਵਾਜ਼ ਮਾਰ ਕੇ ਤੁਹਾਨੂੰ ਆਪਣਾ ਹਵਾਲਾ ਦੇਣ ਲੱਗ ਪਵੇ। ਕਹਾਣੀਕਾਰ ਕਹਾਣੀ ਏਨੇ ਸਲੀਕੇ ਨਾਲ਼ ਨਿਭਾਅ ਜਾਂਦੀ ਹੈ, ਜਿਵੇਂ ਕੋਈ ਸੁਚੱਜੀ ਤ੍ਰੀਮਤ ਤੁਰੀ-ਤੁਰੀ ਜਾਂਦੀ ਸੌ ਕੰਮ ਨਿਬੇੜਦੀ ਤੇ ਸੰਵਾਰਦੀ ਜਾਂਦੀ ਹੈ। ਅਸ਼ੋਕ ਭੌਰਾ ਨੇ ਕਿਹਾ ਕਿ ਨੀਲਮ ਨੇ ਜਿੱਥੇ ਕਵਿਤਾ ਦੇ ਖੇਤਰ ਵਿੱਚ ਮਿਹਨਤ ਨਾਲ਼ ਆਪਣਾ ਮੁਕਾਮ ਬਣਾਇਆ ਹੈ ਓਥੇ ਪਰਵਾਸ ਦੇ ਦੁੱਖ-ਸੁੱਖ ਨੂੰ ਬਿਆਨਦੀਆਂ ਕਹਾਣੀਆਂ ਵੀ ਨਿਵੇਕਲੇ ਰੰਗ ਵਿੱਚ ਲਿਖੀਆਂ ਹਨ। 'ਧੂੰਏਂ ਦੇ ਬੱਦਲ', 'ਚਿਹਰੇ', 'ਲੋਕਗੀਤਾਂ ਦੀ ਰਾਣੀ ਮਾਂ' ਗੱਲ ਕੀ ਸਾਰੀਆਂ ਕਹਾਣੀਆਂ ਵਿਚ ਹੀ ਜ਼ਿੰਦਗੀ ਦਾ ਅਸਲ ਰੰਗ ਡੁੱਲ੍ਹ ਡੁੱਲ੍ਹ ਪੈਂਦਾ ਹੈ। ਤਾਰਾ ਸਿੰਘ ਸਾਗਰ, ਜਗਤਾਰ ਗਿੱਲ ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਵੀ ਕਿਹਾ ਕਿ ਸਾਰੀਆਂ ਕਹਾਣੀਆਂ ਅਤੇ ਪੁਸਤਕ ਦਾ ਨਾਂ ਵੀ ਕਾਬਿਲੇ ਤਾਰੀਫ਼ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਨੇ ਕਿਹਾ ਕਿ ਕਵਿਤਾ, ਸੱਭਿਆਚਾਰਕ ਪੁਸਤਕਾਂ ਅਤੇ ਹੁਣ ਵਧੀਆ ਕਹਾਣੀ ਸੰਗ੍ਰਹਿ ਲਿਖਣ ਵਾਲ਼ੀ ਨੀਲਮ ਇੱਕ ਵਧੀਆ ਮੰਚ ਸੰਚਾਲਕ ਵੀ ਹੈ। ਲਾਜ ਨੀਲਮ ਸੈਣੀ ਨੇ ਆਪਣੇ ਧੰਨਵਾਦੀ ਸ਼ਬਦਾਂ ਰਾਹੀਂ ਕਿਹਾ ਕਿ ਉਸਦੇ ਪਹਿਲੇ ਪ੍ਰੇਰਨਾ ਸਰੋਤ ਉਸਦੇ ਮਾਤਾ ਕਮਲਾ ਦੇਵੀ ਅਤੇ ਪਿਤਾ ਆਤਮਾ ਰਾਮ ਸਨ। ਮੰਮੀ ਦੀ ਤੀਜੀ ਬਰਸੀ 'ਤੇ ਇਹ ਪੁਸਤਕ ਸਮਰਪਣ ਸਮਾਗਮ ਉਨ੍ਹਾਂ ਦੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਹੈ। ਉਸਨੇ ਹਾਜ਼ਰ ਲੇਖਕਾਂ ਅਤੇ ਪਾਠਕਾਂ ਦੀਆਂ ਸੱਤੇ ਖ਼ੈਰਾਂ ਮੰਗਦੇ ਹੋਏ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਕਾਰਨ ਹੀ ਉਹ 2019 ਵਿੱਚ 'ਅਕਸ' ਅਤੇ 'ਇਨਸਾਨੀ ਰੋਲ' ਤੋਂ ਬਾਅਦ ਇਕ ਵਾਰੀ ਫਿਰ 'ਲਟ ਲਟ ਬਲ਼ਦਾ ਦੀਵਾ' ਨਾਲ਼ ਸਭ ਦੇ ਸਨਮੁਖ ਹੋਣ ਦੀ ਹਿੰਮਤ ਕਰ ਸਕੀ ਹੈ। ਆਪਣੇ ਆਖਰੀ ਸਾਹ ਤੱਕ ਆਪਣੀ ਸ਼ਬਦ ਸਮਾਧੀ ਵਿੱਚ ਲੀਨ ਰਹੇਗੀ। ਉਨ੍ਹਾਂ ਵਧਾਈ ਸੰਦੇਸ਼ ਭੇਜਣ ਲਈ ਵਿਪਸਾ ਦੇ ਪ੍ਰਧਾਨ ਸ਼੍ਰੋਮਣੀ ਕਵੀ ਸੁਖਵਿੰਦਰ ਕੰਬੋਜ, ਕਹਾਣੀਕਾਰ ਰਾਠੇਸ਼ਵਰ ਸਿੰਘ ਸੂਰਾਪੁਰੀ, ਮਨਜੀਤ ਕੌਰ ਸੇਖੋਂ, ਗ਼ਜ਼ਲਕਾਰ ਜਸਵਿੰਦਰ (ਸਰੀ), ਜਗਜੀਤ ਨੌਸ਼ਿਹਰਵੀ ਅਤੇ ਚਰਨਜੀਤ ਸਿੰਘ ਪੰਨੂੰ, ਪਰਮਪਾਲ ਸਿੰਘ ਆਦਿ ਦਾ ਧੰਨਵਾਦ ਕੀਤਾ। ਹਰਜਿੰਦਰ ਕੰਗ ਨੇ ਇਸ ਸਫ਼ਲ ਪ੍ਰੋਗਰਾਮ ਲਈ ਸਭ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਨਾਂ ਕਹਾਣੀਆਂ ਵਿਚ ਸੱਚ ਹੈ ਅਤੇ ਇਹ ਇਸੇ ਕਰਕੇ ਹੀ ਆਪਣੀਆਂ ਲੱਗਦੀਆਂ ਹਨ। 'ਲਟ ਲਟ ਬਲ਼ਦਾ ਦੀਵਾ' ਕਹਾਣੀ ਪੜ੍ਹਦੇ ਹੰਝੂ ਵੀ ਡਿੱਗਦੇ ਹਨ ਅਤੇ ਹਾਸਿਆਂ ਦੇ ਫ਼ੁਹਾਰੇ ਵੀ ਛੁੱਟਦੇ ਹਨ। ਕਹਾਣੀ ਅੱਖਾਂ ਸਾਹਮਣੇ ਵਾਪਰ ਰਹੀ ਮਹਿਸੂਸ ਹੁੰਦੀ ਹੈ। ਇਹ ਹੀ ਇਸ ਪੁਸਤਕ ਦੀ ਪ੍ਰਾਪਤੀ ਹੈ। ਇਸ ਪ੍ਰੋਗਰਾਮ ਵਿੱਚ ਹੋਰਾਂ ਤੋਂ ਇਲਾਵਾ ਪੁਸ਼ਪਿੰਦਰ ਕੌਰ, ਮਨਦੀਪ ਕੌਰ, ਸ਼ਰਨਜੀਤ ਕੌਰ, ਮਲਵਿੰਦਰ ਸਿੰਘ ਮੰਡ, ਪ੍ਰੋ. ਸੁਖਦੇਵ ਸਿੰਘ, ਪਰਮਵੀਰ ਮਾਦਪੁਰੀ, ਰਮੇਸ਼ ਬੰਗੜ, ਸਿਮਰਨ ਕੋਹਲੀ, ਰਵਿੰਦਰ ਕੋਹਲੀ, ਗੁਰਜੱਸ ਸਿੰਘ, ਨਿਰਮਲਜੀਤ ਕੌਰ ਪੰਨੂੰ, ਚਰਨਜੀਤ ਸਿੰਘ ਪੰਨੂੰ, ਅਭੀਤਾਬ ਸੈਣੀ, ਜ਼ੀਕ, ਕੁਲਵੰਤ ਸਿੰਘ ਨਿੱਝਰ, ਰਵਿੰਦਰ ਕੌਰ, ਲਖਵੀਰ ਸਿੰਘ, ਵਿਜੇ (ਸਾਊਂਡ ਸਿਸਟਮ) ਆਦਿ ਸ਼ਾਮਲ ਸਨ। ਕੁਲਵਿੰਦਰ ਨੇ ਮੰਚ ਸੰਚਾਲਨ ਬਾਖ਼ੂਬੀ ਨਿਭਾਇਆ।

## ਮਿਆਂਮਾਰ: ਸੂ ਕੀ ਨੂੰ ਚੋਣ ਧੋਖਾਧੜੀ ਮਾਮਲੇ 'ਚ ਤਿੰਨ ਸਾਲ ਦੀ ਸਜ਼ਾ

ਬੈਂਕਾਕ-ਮਿਆਂਮਾਰ ਦੀ ਅਦਾਲਤ ਨੇ ਅੱਜ ਸੱਤਾ ਤੋਂ ਬੇਦਖਲ ਨੇਤਾ ਆਂਗ ਸਾਨ ਸੂ ਕੀ ਨੂੰ ਚੋਣ ਧੋਖਾਧੜੀ ਵਿਚ ਸ਼ਾਮਲ ਹੋਣ ਦਾ ਦੋਸ਼ੀ ਕਰਾਰ ਦਿੰਦਿਆਂ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਸੂ ਕੀ ਨੂੰ ਪਹਿਲਾਂ ਕਈ ਹੋਰ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਇਸ ਸਜ਼ਾ ਦੇ ਨਾਲ ਹੁਣ ਉਸ ਨੂੰ 17 ਸਾਲ ਦੀ ਜੇਲ੍ਹ ਕੱਟਣੀ ਪਵੇਗੀ। ਇਸ ਨੇ ਸੂ ਕੀ ਦੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਪਾਰਟੀ ਦੀ ਹੋਂਦ ਨੂੰ ਵੀ ਖ਼ਤਰਾ ਪੈਦਾ ਕਰ ਦਿੱਤਾ। ਫੌਜ ਨੇ 2023 ਵਿੱਚ ਦੇਸ਼ ਵਿੱਚ ਨਵੀਆਂ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਹੈ।



TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .













ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


Bank Turndown?
Could be just
what you need!
Quick
Private
Funds
$10,000 to
$1 Million in
just 24 Hours
Up to $5 Million
Available
invis
Canada's Mortgage Experts™
Call today to get started
SANJEEV KATYAL
604.767.5194
Info@katyalmortgage.ca
WWW.KATYALMORTGAGE.CA





Shaw FLOORS
Ansonylon
STAINMASTER CARPET
ClearTouch

from $1.98 SF
**Berber**
Installed

**Textured Saxony**
Installed
from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS


Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00


Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed


Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

## ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1389 ਸਾਰੀ ਉਮਰ ਲੜਾਈਆਂ ਮੁੱਕੀਆਂ ਨਾ, ਉਹ ਮਾਰਦਾ-ਮਾਰਦਾ ਮਰ ਗਿਆ।
ਹਿਦੂ-ਸਿੱਖਾਂ ਦਾ ਛੱਡਿਆ ਕੱਖ ਨਾ ਹੀ, ਇਸਲਾਮ ਵਿੱਚ ਵੀ ਮੋਰੀਆਂ ਕਰ ਗਿਆ।
ਮੁਗਲ ਰਾਜ ਨੂੰ ਖਾ ਗਿਆ ਘੁਣ ਵਾਂਗੂੰ, ਉਹ ਜਿੱਤਦਾ-ਜਿੱਤਦਾ ਹਰ ਗਿਆ।
ਖੋਰਾ ਲਾ ਗਿਆ ਉਹ ਹਰਚੰਦ ਸਿੰਘਾ, ਰਾਜ ਖਰਦਾ-ਖਰਦਾ ਖਰ ਗਿਆ॥

### ਭਾਈ ਆਲੀ ਸਿੰਘ ਨੇ ਘੁੜਾਣੀ, ਸੁਨਾਮ, ਮਨਸੂਰਪੁਰ ਕੈਥਲ ਆਦਿ ਜਿੱਤਣੇ

1390 ਬੁਲਾਕਾ ਸਿੰਘ ਦੀ ਕੀਤੀ ਸ਼ਿਕਾਇਤ ਉਤੇ, ਅਲੀ ਸਿੰਘ ਘੁੜਾਣੀ ਨੂੰ ਚੜ੍ਹਿਆ ਏ।
ਰਾਮ ਰਾਈਆਂ ਗੁਰਾਂ ਨੂੰ ਕਿਹਾ ਮੰਦਾ, ਜਾ ਉਨ੍ਹਾਂ ਨੂੰ ਧੌਣ ਤੋਂ ਫੜਿਆ ਏ।
ਫਿਰ ਸੁਨਾਮ ਦੇ ਰੰਘੜਾਂ ਨੂੰ, ਉਸ ਜਾ ਤਲਵਾਰ ਤੇ ਧਰਿਆ ਏ।
ਮਨਸੂਰਪੁਰ, ਕੈਥਲ ਆਦਿ ਨੂੰ ਲਾ ਸੋਧਾ, ਸਿੱਖ ਰਾਜ ਦੇ ਹੇਠਾਂ ਕਰਿਆ ਏ॥

### ਬੰਦਾ ਸਿੰਘ ਨੇ ਮਲੇਰਕੋਟਲਾ, ਰਾਏਕੋਟ, ਲੁਧਿਆਣਾ, ਕੀਰਤਪੁਰ ਆਦਿ ਵੱਲ ਘੋੜਾ ਫੇਰਨਾ ਅਤੇ ਇਲਾਕਾ ਸਿੱਖ ਰਾਜ ਵਿੱਚ ਕਰਨਾ

1391 ਬੰਦਾ ਸਿੰਘ ਜੀ ਫੌਜ ਦਾ ਲੈ ਦਸਤਾ, ਮਲੇਰਕੋਟਲੇ ਵੱਲ ਨੂੰ ਜਾਂਵਦਾ ਏ।
ਪੈਰਾਂ ਹੇਠ ਲਤਾੜਦਾ ਵੈਰੀਆਂ ਨੂੰ, ਬੁਰੇ ਬੰਦਿਆਂ ਤਾਈਂ ਮੁਕਾਂਵਦਾ ਏ।
ਪੁੱਤ ਸ਼ੇਰ ਮੁਹੰਮਦ ਮਲੇਰੀਏ ਦਾ, ਬੰਦਾ ਸਿੰਘ ਤੋਂ ਕੰਨੀਂ ਕਤਰਾਂਵਦਾ ਏ।
ਹਰਚੰਦ ਸਿੰਘਾ ਕਿਸਨਦਾਸ ਆ ਕੇ, ਨਜ਼ਰਾਨੇ ਝੋਲੀ ਸਿੰਘਾਂ ਦੇ ਪਾਂਵਦਾ ਏ॥

### ਸ਼ੇਰ ਮੁਹੰਮਦ ਖਾਂ ਮਾਲੇਰਕੋਟਲੇ ਵਾਲੇ ਦੇ ਹਾਦੇਨਾਰੇ ਕਰਕੇ ਸ਼ਹਿਰ ਤੇ ਵਸਨੀਕ ਬਚ ਗਏ

1392 ਮਾਤਾ ਗੁਜਰੀ ਅਤੇ ਸਾਹਿਬਜ਼ਾਦੇ, ਖੇੜੀ ਗੰਗੂ ਨੇ ਜਦ ਫੜਾ ਦਿੱਤੇ।
ਮੁਰਿੰਡੇ ਦੇ ਬੁੱਚੜ ਹਾਕਮਾਂ ਨੇ, ਬੁੱਚੜਖਾਨੇ ਸਰਹਿੰਦ ਪੁਚਾ ਦਿੱਤੇ।
ਸੁੱਚਾ ਨੰਦ ਤੇ ਮੁੱਲਾਂ ਕਾਜੀਆਂ ਨੇ, ਬੜੇ ਫਤਵੇ ਉਨ੍ਹਾਂ ਸੁਣਾ ਦਿੱਤੇ।
ਹਰਚੰਦ ਸਿੰਘਾ ਸ਼ੇਰ ਖਾ ਸ਼ੇਰ ਬਣਕੇ, ਟਿੱਲ ਬੱਚੇ ਬਚਾਉਣ ਤੇ ਲਾ ਦਿੱਤੇ॥

1393 ਉਥੇ ਕੱਲੇ ਦੀ ਗਈ ਨਾ ਪੇਸ਼ ਕੋਈ, ਹਾਦਾ ਨਾਅਰਾ ਉਸਨੇ ਮਾਰਿਆ ਸੀ।
ਸਰਾ-ਸਰ ਇਸਲਾਮ ਦੇ ਉਲਟੇ ਇਹੇ, ਮੁੱਲਾਂ ਕਾਜੀਆਂ ਤਾਈਂ ਪੁਕਾਰਿਆ ਸੀ।
ਇਨਸਾਨ ਇੱਕ ਤੇ ਹੈਵਾਨ ਸੀ ਬਹੁਤ ਉਥੇ, ਅਧਰਮੀ ਜਿੱਤੇ ਤੇ ਧਰਮੀ ਹਾਰਿਆ ਸੀ।
ਹਰਚੰਦ ਸਿੰਘਾ ਇਸ ਲਿਹਾਜ ਕਰਕੇ, ਮਲੇਰਕੋਟਲਾ ਨਹੀਂ ਉਜਾੜਿਆ ਸੀ॥

### ਲੋਹਗੜ੍ਹ ਨੂੰ ਸਿੱਖਰਾਜ ਦੀ ਰਾਜਧਾਨੀ ਬਣਾ ਕੇ ਪੂਰਨ ਤੌਰ ਤੇ ਸਿੱਖ (ਸਾਂਝਾ) ਰਾਜ ਸਥਾਪਤ ਕਰਨਾ

1394 ਸਤਲੁੱਜ ਤਾਈਂ ਇਲਾਕਾ ਸਰ ਕਰਕੇ, ਬੰਦਾ ਸਿੰਘ ਸਰਹਿੰਦ ਫਿਰ ਆਇਆ ਏ।
ਆਲੀ ਸਿੰਘ ਨੇ ਬਾਕੀ ਮਾਲਵੇ ਦਾ, ਹਿੱਸਾ ਜਿੱਤ ਕੇ ਨਾਲ ਮਿਲਾਇਆ ਏ।
ਲੋਹਗੜ੍ਹ ਨੂੰ ਕਰ ਤਿਆਰ ਸਿੰਘਾਂ, ਰਾਜਧਾਨੀ ਦਾ ਮੁੱਢ ਟਿਕਾਇਆ ਏ।
ਸਿੱਖ ਰਾਜ ਦਾ ਉਥੇ ਹਰਚੰਦ ਸਿੰਘਾ, ਰਸਮ ਕਰਕੇ ਝੰਡਾ ਝੁਲਾਇਆ ਏ॥

### ਕਵੀਓ ਵਾਚ

1395 ਦੱਖਣ ਵੱਲ ਨੂੰ ਚੱਲੇ ਦਸਮੇਸ਼ ਜਦੋਂ, ਦੋਖੀ ਕਹਿੰਦੇ, ਟੱਲੀ ਵਲਾ ਮੀਆਂ।
ਸੱਪ ਜ਼ਹਿਰੀ ਨਿਕਲੇ ਬਰਮੀਆਂ 'ਚੋਂ ਅਸਾਂ ਦਿੱਤੇ ਨੇ ਸਭ ਮੁਕਾ ਮੀਆਂ।
ਤੇਗਾਂ ਟੰਗੀਆਂ ਤੁਰਕਾਂ ਕੀਲਿਆਂ ਤੇ, ਲਏ ਖਾ ਖਾ ਪੇਟ ਵਧਾ ਮੀਆਂ।
ਹਰਚੰਦ ਸਿੰਘਾ ਇਆਸੀਆਂ ਕਰਨ ਲੱਗੇ, ਜ਼ਾਮ ਪੀਂਦੇ ਮੁਜ਼ਰੇ ਲਾ ਮੀਆਂ॥

1396 ਪਏ ਸ਼ੇਰਾਂ ਵਾਂਗ ਜਦ ਸਿੰਘ ਆ ਕੇ, ਔਖੇ ਤੁਰਕਾਂ ਝੱਲਣੇ ਵਾਰ ਹੋਏ।
ਭਾਰ ਆਪਣਾ ਚੁੱਕ ਨਾ ਤੁਰ ਹੋਏ, ਔਖੇ ਚੁੱਕਣੇ ਉਨ੍ਹਾਂ ਹਥਿਆਰ ਹੋਏ।
ਝੱਲ ਹੋਣ ਨਾ ਗਰਮੀਆਂ ਅਤੇ ਪਾਲ਼ੇ, ਤਿੱਤਰ ਬਾਜਾਂ ਦਾ ਤਾਂ ਹੀ ਸ਼ਿਕਾਰ ਹੋਏ।
ਹਰਚੰਦ ਸਿੰਘਾ ਜ਼ੁਲਮ ਦੀ ਪੈ ਭੱਠੀ, ਸਿੰਘ ਸਖਤ ਸੀ ਵਾਂਗਰਾਂ ਸਾਰ ਹੋਏ॥

1397 ਸਰਹਿੰਦ ਸ਼ਹਿਰ ਸੀ ਸ਼ਾਹੀ ਸੜਕ ਉਤੇ, ਚੱਲੇ ਦਿੱਲੀ-ਲਾਹੌਰ ਦੇ ਆਂਵਦੇ ਸੀ।
ਚੱਲ ਧਾੜਵੀਂ ਈਰਾਨ-ਅਫਗਾਨ ਵੱਲੋਂ, ਇੱਥੇ ਆਣ ਕੇ ਡੇਰੇ ਲਾਂਵਦੇ ਸੀ।
ਬਿਪਤਾ ਕੋਈ ਨਾ ਕੋਈ ਸੀ ਆਈ ਰਹਿੰਦੀ, ਬੁਰਛੇ ਰੱਜ ਕੇ ਜ਼ੁਲਮ ਕਮਾਂਵਦੇ ਸੀ।
ਹਰਚੰਦ ਸਿੰਘਾ ਸਿੱਖਾਂ ਤੇ ਹਿੰਦੂਆਂ ਦੀ, ਲੁਟੇਰੇ ਆ ਕੇ ਲੁੱਟ ਮਚਾਂਵਦੇ ਸੀ॥

### ਸਰਹਿੰਦ ਦੀ ਥਾਂ ਲੋਹਗੜ੍ਹ ਨੂੰ ਸਿੱਖ ਰਾਜ ਦੀ ਰਾਜਧਾਨੀ ਬਣਾਉਣਾ

1398 ਬੰਦਾ ਸਿੰਘ ਨੇ ਸਹਿਮਤੀ ਲੈ ਸਭ ਦੀ, ਸਰਹਿੰਦ ਸ਼ਹਿਰ ਤੋਂ ਮਨ ਉਠਾਇਆ ਏ।
ਮੁਖ਼ਲਸ ਗੜ ਕਿਲ੍ਹੇ ਨੂੰ ਕਰ ਵੱਡਾ, ਲੋਹਗੜ੍ਹ ਉਸਦਾ ਨਾਮ ਟਿਕਾਇਆ ਏ।
ਸਿੱਖ ਰਾਜ ਦੀ ਬਣਿਆ ਰਾਜਧਾਨੀ, ਝੰਡਾ ਕੇਸਰੀ ਉਤੇ ਝੁਲਾਇਆ ਏ।
ਹਰਚੰਦ ਸਿੰਘਾ ਬਣੀ ਬਾਦਸ਼ਾਹੀ, ਸਿੱਖ ਰਾਜ ਦਾ ਸਿੱਕਾ ਚਲਾਇਆ ਏ॥

### ਸਿੱਖ ਰਾਜ ਦਾ ਸਿੱਕਾ

1399 ਭਾਸ਼ਾ ਫਾਰਸੀ ਸਿੱਕੇ ਦੇ ਦੋਏ ਪਾਸੇ, ਗੁਰੂ ਸਾਹਿਬ ਦੇ ਨਾਮ ਕਰਾਇਆ ਜੀ।
ਉੱਚ ਕੋਟੀ ਦੇ ਮਿਸਤਰੀ ਲਾ ਦਿੱਤੇ, ਰੂਪ ਘੜ ਕੇ ਖ਼ੂਬ ਸਜਾਇਆ ਜੀ।
ਬੰਦਾ ਸਿੰਘ ਨੂੰ ਬਾਦਸ਼ਾਹ ਮੰਨਿਆ ਏ, ਬੰਦੇ ਗੁਰਾਂ ਦਾ ਦਾਸ ਕਹਾਇਆ ਜੀ।
ਹਰਚੰਦ ਸਿੰਘਾ ਸਿੱਕਾ ਤਿਆਰ ਹੋਇਆ, ਦੋਏਂ ਪਾਸੇ ਇਝ ਲਿਖਾਇਆ ਜੀ॥

"ਸਿੱਕਾ ਜਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਬ ਅਸਤ।
ਫ਼ਤਹਿ ਗੋਬਿੰਘ ਸਿੰਘ ਸ਼ਾਹਿ ਸ਼ਾਹਾਂ, ਫ਼ਜ਼ਲ ਸੱਚਾ ਸਾਹਿਬ ਅਸਤ।
"ਜ਼ਰਬ ਬਾ ਅਮਾਨੁੱਦ ਹਿਰ ਮਸੱਵਰਤ।
ਸ਼ਹਿਰ ਜ਼ੀਨਤੁੱਤ ਖਤਿ ਮੁਬਾਰਕ ਬਖ਼ਤ।"

### ਸਿੱਖ ਰਾਜ ਦੀ ਮੋਹਰ ਜਾਰੀ ਕਰਨੀ

1400 ਸਿੱਕੇ ਨਾਲ ਹੀ ਮੋਹਰ ਤਿਆਰ ਕੀਤੀ, ਸਿੱਖ ਰਾਜ ਦਾ ਚਿੰਨ ਬਣਾਇਆ ਏ।
ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਾ ਨਾਮ ਮੋਹਰ ਦੇ ਉਤੇ ਪਵਾਇਆ ਏ।
"ਦੇਗ਼ ਉ ਤੇਗ਼ ਫ਼ਤਹਿ ਉ ਨੁਸਰਤ ਬੇਦਰੰਗ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"
ਹਰਚੰਦ ਸਿੰਘਾ ਫਾਰਸੀ ਵਿੱਚ ਇਦਾਂ, ਮੱਥੇ ਮੋਹਰ ਦੇ ਲਿਖਕੇ ਲਾਇਆ ਏ॥

### ਪੂਰਨ ਤੌਰ ਤੇ ਸਿੱਖ ਰਾਜ ਦੀ ਸਥਾਪਨਾ ਕਰਕੇ ਬੰਦਾ ਸਿੰਘ ਨੇ ਨਵੇਂ ਕਾਨੂੰਨ ਲਾਗੂ ਕਰਨੇ

1401 ਇਲਾਕਾ ਸਤਲੁੱਜ ਤੇ ਜਮਨਾ ਵਿਚ ਦਾ ਜੋ, ਸਿੰਘਾਂ ਤੇਗ ਦੇ ਜ਼ੋਰ ਨਿਭਾ ਦਿੱਤਾ।
ਸਿੱਖ ਰਾਜ ਸਥਾਪਤ ਕਰ ਬੰਦੇ, ਝੰਡਾ ਕੌਮ ਦਾ ਅਰਸ ਝੁਲਾ ਦਿੱਤਾ।
ਭੰਗ ਕਰੇ ਕਨੂੰਨ ਸਭ ਤੁਰਕਾਂ ਦੇ, ਸਿੱਖ ਰਾਜ ਦਾ ਹੁਕਮ ਚਲਾ ਦਿੱਤਾ।
ਸੱਤਾਂ ਸਦੀਆਂ ਪਿੱਛੋਂ ਹਰਚੰਦ ਸਿੰਘਾ, ਸੂਰਜ ਧੁੰਦ 'ਚੋਂ ਬਾਹਰ ਚਮਕਾ ਦਿੱਤਾ॥

### ਬਾਦਸ਼ਾਹ ਬਹਾਦਰ ਸ਼ਾਹ ਨੂੰ ਦੱਖਣ ਵਿਚ ਜਾ ਕੇ ਤੁਰਕਾਂ ਨੇ ਚੀਖ-ਪੁਕਾਰ ਕਰਨੀ

1402 ਪਾਏ ਤਰਲੇ ਜਾ ਕੇ ਹਾਕਮਾਂ ਨੇ, ਬਹਾਦਰ ਸ਼ਾਹ ਨੂੰ ਦੁੱਖ ਸੁਣਾ ਕੇ ਜੀ।
ਮਲੀਆ-ਮੇਟ ਸਿੰਘਾਂ ਨੇ ਕਰ ਦਿੱਤਾ, ਮਹਿਲ, ਮਾੜੀਆਂ ਸ਼ਹਿਰ ਸਭ ਢਾਹ ਕੇ ਜੀ।
ਹੜ ਵਾਂਗ ਬੰਦਾ ਹੈ ਚੜ੍ਹ ਆਇਆ, ਤੁਰਕ ਰੱਖ ਤੇ ਖਾਕ ਰੁਲਾ ਕੇ ਜੀ।
ਹਰਚੰਦ ਸਿੰਘਾ ਸੁਣ ਪੁਕਾਰ ਸਾਡੀ, ਕਰ ਰੱਖਿਆ ਸਾਡੀ ਆ ਕੇ ਜੀ॥

1403 ਸਿੰਘ ਫੈਲਗੇ ਜੰਗਲ ਦੀ ਅੱਗ ਵਾਂਗੂੰ, ਲੈ ਆਣ ਕੇ ਸਾਡੀ ਸਾਰ ਸਾਈਂ।
ਸਾਨੂੰ ਆਸ ਸੀ ਸੂਬਾ ਸਰਹਿੰਦ ਉਤੇ, ਇਨ੍ਹਾਂ ਉਹ ਵੀ ਲਿਆ ਹੈ ਮਾਰ ਸਾਈਂ।
ਸਤਲੁੱਜ ਟੱਪ ਰਾਵੀ ਤੇ ਜਾ ਪਹੁੰਚੇ, ਇੱਧਰ ਆਏ ਜਮਨਾ ਪਾਰ ਸਾਈਂ।
ਹਰਚੰਦ ਸਿੰਘਾ ਖਾਲਸਾ ਰਾਜ ਬਣਿਆ, ਰਾਜਧਾਨੀ ਵੀ ਲਈ ਉਸਾਰ ਸਾਈਂ॥

1404 ਮੁਖ਼ਲਸ ਗੜ੍ਹ ਨੂੰ ਕਰਕੇ ਹੋਰ ਪੱਕਾ, ਲੋਹਗੜ੍ਹ ਹੈ ਇਨ੍ਹਾਂ ਬਣਾ ਦਿੱਤਾ।
ਬੰਦਾ ਸਿੰਘ ਬਾਦਸ਼ਾਹ ਬਣ ਬੈਠਾ, ਸਿੱਕਾ ਆਪਣਾ ਇਨ੍ਹਾਂ ਚਲਾ ਦਿੱਤਾ।
ਖੋਹ ਹਾਕਮੀ ਇਨ੍ਹਾਂ ਨੇ ਤੁਰਕਾਂ ਤੋਂ, ਹਰ ਥਾਂ ਤੇ ਸਿੰਘ ਬਹਾ ਦਿੱਤਾ।
ਹੋਇਆ ਸਾਹਮਣੇ ਜੋ ਹਰਚੰਦ ਸਿੰਘਾ, ਇਸ ਜੱਗ ਤੋਂ ਉਹ ਮੁਕਾ ਦਿੱਤਾ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri
604-377-4085



Amarjit Singh
778-908-0523



Arya Bhalla
778-788-2429



Hardam S. Maan
604-308-6663



Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# 30,000 ਫੁੱਟ ਉਚਾਈ 'ਤੇ ਜਹਾਜ਼ ਦਾ ਪਾਇਲਟ ਬੇਹੋਸ਼ ਹੋ ਗਿਆ



ਅੰਕਾਰਾ-ਇਹ ਹੈਰਾਨੀ ਵਾਲੀ ਖਬਰ ਆਈ ਹੈ ਕਿ 30,000 ਫੁੱਟ ਦੀ ਉਚਾਈ ਉੱਤੇ ਉਡਦੇ ਇੱਕ ਜਹਾਜ਼ ਵਿੱਚ ਕੁਝ ਅਜਿਹਾ ਹੋਇਆ ਕਿ ਯਾਤਰੀਆਂ ਵਿੱਚ ਅਫਰਾ ਤਫਰੀ ਮਚ ਗਈ। ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਇੱਕ ਘਟਨਾ ਮੁਤਾਬਕ ਜਹਾਜ਼ ਨੂੰ ਉਡਾ ਰਿਹਾ ਪਾਇਲਟ ਅਚਾਨਕ ਬੇਹੋਸ਼ ਹੋ ਗਿਆ। ਇਸ ਤੋਂ ਬਾਅਦ ਕੋ-ਪਾਇਲਟ ਨੇ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਕਰਵਾਈ। ਏਅਰਲਾਈਨਸ ਨੇ ਇਸ ਨੂੰ ਮੈਡੀਕਲ ਐਮਰਜੰਸੀ ਦਾ ਨਾਂਅ ਦਿੱਤਾ ਅਤੇ ਇਸ ਲਈ ਯਾਤਰੀਆਂ ਤੋਂ ਮੁਆਫੀ ਮੰਗੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸ ਜਹਾਜ਼ ਰਾਹੀਂ ਯਾਤਰਾ ਕਰਦੇ ਇੱਕ ਯਾਤਰੀ ਨੇ ਦੱਸਿਆ ਕਿ ਉਡਾਣ ਤੋਂ ਪਹਿਲਾਂ ਹੀ ਉਸ ਨੂੰ ਠੀਕ ਨਹੀਂ ਲੱਗਦਾ ਸੀ। ਦੱਸਿਆ ਜਾ ਰਿਹਾ ਹੈ ਕਿ ਜਹਾਜ਼ ਵਿੱਚ ਯਾਤਰਾ ਕਰਦੇ ਬਹੁਤੇ ਲੋਕ ਤੁਰਕੀ ਵਿੱਚ ਛੁੱਟੀ ਮਨਾਉਣ ਚੱਲੇ ਸਨ। ਜਹਾਜ਼ ਨੇ ਪਹਿਲਾਂ ਹੀ ਅੱਠ ਘੰਟੇ ਲੇਟ ਉਡਾਣ ਭਰੀ ਸੀ। ਇਸੇ ਕਾਰਨ ਏਅਰਲਾਈਨਜ਼ ਨੇ ਫਲਾਈਟ ਵਿੱਚ ਸਾਰੇ ਯਾਤਰੀਆਂ ਨੂੰ 15 ਯੂਰੋ ਦਾ ਵਾਊਚਰ ਅਤੇ ਫਰੀ ਖਾਣਾ ਦਿੱਤਾ ਸੀ।

# ਪਤਨੀ ਨੇ ਜ਼ਹਿਰ ਖਾ ਕੇ ਖ਼ੁਦਕੁਸ਼ੀ ਕੀਤੀ, ਪਤੀ ਵੀ ਹਸਪਤਾਲ 'ਚ ਦਾਖਲ

ਜਲੰਧਰ-ਪਤੀ ਤੋਂ ਤੰਗ ਆ ਕੇ ਇੱਥੇ ਔਰਤ ਨੇ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾ ਦੀ ਪਛਾਣ ਕਿਰਨਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਤਰਨਤਾਰਨ ਵਜੋਂ ਹੋਈ ਹੈ, ਜੋ ਹੁਣ ਆਪਣੇ ਮਾਪਿਆਂ ਕੋਲ ਬਸਤੀ ਪੀਰਦਾਦ ਆ ਕੇ ਰਹਿੰਦੀ ਸੀ। ਬਸਤੀ ਬਾਵਾ ਖੇਲ ਦੀ ਪੁਲਿਸ ਮੌਕੇ 'ਤੇ ਪੁੱਜੀ ਤੇ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕਾ ਕਿਰਨਜੀਤ ਕੌਰ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਦਾ ਵਿਆਹ ਲਗਪਗ ਨੌ ਸਾਲ ਪਹਿਲਾਂ ਬਲਵਿੰਦਰ ਸਿੰਘ ਨਾਲ ਤਰਨਤਾਰਨ 'ਚ ਹੋਇਆ। ਵਿਆਹ ਤੋਂ ਬਾਅਦ ਪਤਾ ਲੱਗਾ ਕਿ ਬਲਵਿੰਦਰ ਨਸ਼ੇੜੀ ਹੈ। ਦੋਵਾਂ 'ਚ ਝਗੜਾ ਰਹਿਣ ਲੱਗਾ। ਇਸ ਦੌਰਾਨ ਉਸ ਦੀਆਂ ਦੋ ਧੀਆਂ ਵੀ ਹੋਈਆਂ ਪਰ ਪਤੀ ਪਤਨੀ ਵਿੱਚ ਕਲੇਸ਼ ਵੱਧਦਾ ਰਿਹਾ। ਛੇ ਮਹੀਨੇ ਪਹਿਲਾਂ ਕਿਰਨਜੀਤ ਕੌਰ ਮਾਪਿਆਂ ਦੇ ਘਰ ਆ ਕੇ ਰਹਿਣ ਲੱਗੀ ਮਾਪਿਆਂ ਨੇ ਦੱਸਿਆ ਕਿ ਉਸ ਦਾ ਪਤੀ ਨਸ਼ਾ ਨਹੀਂ ਛੱਡ ਰਿਹਾ। ਕਿਰਨਜੀਤ ਕੌਰ ਨੇ ਕਿਹਾ ਕਿ ਉਹ ਵਾਪਸ ਨਹੀਂ ਜਾਵੇਗੀ। ਉਨ੍ਹਾਂ ਦੀ ਧੀ ਨੇ ਜਲੰਧਰ 'ਚ ਨੌਕਰੀ ਸ਼ੁਰੂ ਕਰ ਦਿੱਤੀ ਸੀ। ਵੀਰਵਾਰ ਨੂੰ ਦੇਰ ਸ਼ਾਮ ਬਲਵਿੰਦਰ ਸਿੰਘ ਉਨ੍ਹਾਂ ਦੇ ਘਰ ਆਇਆ ਤੇ ਧੀ ਨਾਲ ਝਗੜਾ ਕਰ ਕੇ ਕੁੱਟਮਾਰ ਕਰਨ ਲੱਗਾ। ਮਾਪਿਆਂ ਨੇ ਦੋਸ਼ ਲਾਇਆ ਕਿ ਬਲਵਿੰਦਰ ਸਿੰਘ ਨੇ ਧੀ ਨੂੰ ਜ਼ਬਰਦਸਤੀ ਜ਼ਹਿਰ ਪਿਲਾ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸੇ ਦੌਰਾਨ ਹਸਪਤਾਲ 'ਚ ਦਾਖਲ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਸਹੁਰਾ ਪਰਿਵਾਰ ਬਹੁਤ ਤੰਗ ਕਰਦਾ ਹੈ। ਉਸ ਦੀ ਪਤਨੀ ਨੂੰ ਜ਼ਬਰਦਸਤੀ ਆਪਣੇ ਕੋਲ ਰੱਖਿਆ ਹੋਇਆ ਸੀ। ਉਸ ਨੇ ਮਹੀਨੇ ਪਹਿਲਾਂ ਸਾਰੇ ਨਸ਼ੇ ਛੱਡ ਦਿੱਤੇ ਸਨ। ਵੀਰਵਾਰ ਨੂੰ ਉਹ ਆਪਣੀ ਪਤਨੀ ਨੂੰ ਲੈਣ ਆਇਆ ਸੀ ਪਰ ਸਹੁਰਾ ਪਰਿਵਾਰ ਨੇ ਵਿਵਾਦ ਕੀਤਾ ਤੇ ਉਸ ਦੀ ਪਤਨੀ ਨੂੰ ਜਾਣ ਨਹੀਂ ਦਿੱਤਾ। ਉਸ ਨੇ ਦੱਸਿਆ ਕਿ ਉਹ ਆਪਣੇ ਨਾਲ ਜ਼ਹਿਰ ਲੈ ਕੇ ਆਇਆ ਸੀ। ਜਿਵੇਂ ਹੀ ਉਹ ਜ਼ਹਿਰ ਖਾਣ ਲੱਗਾ ਤਾਂ ਸਹੁਰਾ ਪਰਿਵਾਰ ਨੇ ਖੋਹ ਲਿਆ, ਜਿਸ ਤੋਂ ਬਾਅਦ ਪਤਾ ਲੱਗਾ ਕਿ ਉਸ ਦੀ ਪਤਨੀ ਨੇ ਜ਼ਹਿਰ ਖਾ ਲਿਆ।

# ਪੂਰੇ ਭਾਰਤ ਵਿਚ ਖ਼ੁਦਕੁਸ਼ੀਆਂ ਦੀ ਦਰ 'ਚ 6.2 ਫੀਸਦੀ ਵਾਧਾ

## ਖ਼ੁਦਕੁਸ਼ੀ ਦੇ ਸਭ ਤੋਂ ਵੱਧ ਕੇਸਾਂ 'ਚ ਮਹਾਰਾਸ਼ਟਰ ਨੰਬਰ 1

ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ 2021 ਵਿੱਚ ਮਹਾਰਾਸ਼ਟਰ ਵਿੱਚ ਖ਼ੁਦਕੁਸ਼ੀ ਦੀਆਂ ਸਭ ਤੋਂ ਵੱਧ ਘਟਨਾਵਾਂ ਹੋਈਆਂ। ਤਾਮਿਲ ਨਾਡੂ ਅਤੇ ਮੱਧ ਪ੍ਰਦੇਸ਼ ਖ਼ੁਦਕੁਸ਼ੀਦੇ ਕੇਸਾਂ ਵਿੱਚ ਦੂਸਰੇ ਤੇ ਤੀਸਰੇ ਸਥਾਨ ਉੱਤੇ ਰਹੇ। ਪੂਰੇ ਭਾਰਤ ਵਿੱਚ ਅਜਿਹੇ 1,64,033 ਕੇਸ ਦਰਜ ਕੀਤੇ ਗਏ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ ਸੀ ਆਰ ਬੀ) ਦੀ ਤਾਜ਼ਾ ਰਿਪੋਰਟ ਅਨੁਸਾਰ ਪੇਸ਼ੇ ਜਾਂ ਕੈਰੀਅਰ ਨਾਲ ਸਬੰਧਤ ਸਮੱਸਿਆਵਾਂ, ਇਕੱਲੇਪਣ ਦੀ ਭਾਵਨਾ, ਦੁਰਵਿਹਾਰ, ਹਿੰਸਾ, ਪਰਵਾਰਕ ਸਮੱਸਿਆਵਾਂ, ਮਾਨਸਿਕ ਵਿਕਾਰ, ਸ਼ਰਾਬ ਦੀ ਆਦਤ ਤੇ ਵਿੱਤੀ ਨੁਕਸਾਨ ਆਦਿ ਦੇਸ਼ ਵਿੱਚ ਖ਼ੁਦਕੁਸ਼ੀਦੀਆਂ ਘਟਨਾਵਾਂ ਦੇ ਮੁੱਖ ਕਾਰਨ ਹਨ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 2020 ਵਿੱਚ ਖ਼ੁਦਕੁਸ਼ੀਦੇ ਕੁੱਲ 1,53,052 ਕੇਸ ਦਰਜ ਕੀਤੇ ਗਏ, ਜਦ ਕਿ 2021 ਵਿੱਚ ਸੱਤ ਫੀਸਦੀ ਵੱਧ ਕੁੱਲ 1,64,033 ਕੇਸ ਦਰਜ ਕੀਤੇ ਗਏ ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਖ਼ੁਦਕੁਸ਼ੀਦੀ ਦਰ ਵਿੱਚ 6.2 ਫੀਸਦੀ ਦਾ ਵਾਧਾ ਹੋਇਆ। ਐਨ ਸੀ ਆਰ ਬੀ ਦੀ ਰਿਪੋਰਟ ਅਨੁਸਾਰ ਪਿਛਲੇ ਸਾਲ ਦੇਸ਼ ਵਿੱਚ ਮਹਾਰਾਸ਼ਟਰ ਵਿੱਚ ਖ਼ੁਦਕੁਸ਼ੀਦੇ ਸਭ ਤੋਂ ਵੱਧ 22,207 ਕੇਸ ਦਰਜ ਹੋਏ। ਇਸ ਪਿੱਛੋਂ ਤਾਮਿਲਨਾਡੂ ਵਿੱਚ 18,925, ਮੱਧ ਪ੍ਰਦੇਸ਼ ਵਿੱਚ 14,965, ਪੱਛਮੀ ਬੰਗਾਲ ਵਿੱਚ 13,500 ਅਤੇ ਕਰਨਾਟਕ ਵਿੱਚ 13,056 ਕੇਸ ਦਰਜ ਕੀਤੇ ਗਏ, ਜੋ ਖ਼ੁਦਕੁਸ਼ੀਦੇ ਕੁੱਲ ਕੇਸਾਂ ਦਾ ਕ੍ਰਮਵਾਰ 13.5 ਫੀਸਦੀ, 11.5 ਫੀਸਦੀ, 9.1 ਫੀਸਦੀ, 8.2 ਫੀਸਦੀ ਅਤੇ ਅੱਠ ਫੀਸਦੀ ਹੈ। ਦੇਸ਼ ਵਿੱਚ ਦਰਜ ਹੋਏਖ਼ੁਦਕੁਸ਼ੀਦੇ ਕੁੱਲ ਕੇਸਾਂ ਵਿੱਚੋਂ ਇਨ੍ਹਾਂ ਪੰਜ ਰਾਜਾਂ ਵਿੱਚ ਹੀ 50.4 ਫੀਸਦੀ ਕੇਸ ਦਰਜ ਹੋਏ। ਬਾਕੀ 49.6 ਫੀਸਦੀ ਕੇਸ 23 ਦੂਸਰੇ ਰਾਜਾਂ ਤੇ ਅੱਠ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵਾਪਰੇ। ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਭ ਤੋਂ ਵੱਧ 2840 ਕੇਸ ਦਿੱਲੀ ਵਿੱਚਦਰਜ ਕੀਤੇ ਗਏ। ਇਸ ਦੇ ਬਾਅਦ ਪੁੱਡੂਚੇਰੀ ਵਿੱਚ 504 ਕੇਸ ਹੋਏ। ਬੀਤੇ ਸਾਲ ਭਾਰਤ ਦੇ 53 ਵੱਡੇ ਸ਼ਹਿਰਾਂ ਵਿੱਚ ਖ਼ੁਦਕੁਸ਼ੀਦੇ ਕੁੱਲ 25891 ਕੇਸ ਦਰਜ ਹੋਏ। ਦੇਸ਼ ਵਿੱਚ 2021 ਵਿੱਚ ਹਰ ਇੱਕ ਲੱਖ ਦੀ ਆਬਾਦੀ ਉੱਤੇਖ਼ੁਦਕੁਸ਼ੀਦੇ ਕੇਸਾਂ ਦੀ ਰਾਸ਼ਟਰੀ ਦਰ 12 ਰਹੀ। ਅੰਡੇਮਾਨ ਅਤੇ ਨਿਕੋਬਾਰ ਵਿੱਚ ਖ਼ੁਦਕੁਸ਼ੀਦੀ ਵੱਧ ਤੋਂ ਵੱਧ ਦਰ (39.7) ਦਰਜ ਕੀਤੀ ਗਈ। ਇਸ ਦੇ ਬਾਅਦ ਸਿੱਕਮ (39.2), ਪੁੱਡੂਚੇਰੀ (31.8), ਤੇਲੰਗਾਨਾ (26.9) ਅਤੇ ਕੇਰਲ ਵਿੱਚ ਇਹ ਦਰ 26.9 ਦਰਜ ਕੀਤੀ ਗਈ।




SURE SHOT LEARNING CENTER
ਸ਼ਿਓਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9'' ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸਪੰਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9'' , ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ-
604-842-4990, +91-98550-00731 (ਸਿਰਫ ਵਟਸਐਪ)

### ਲੜਕੇ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।Contact: 604-897-1298,
Whatsapp Number:
99-156-52029

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ।ਮਾਲਵਾ ਖੇਤਰ ਨੂੰ ਪਹਿਲ।ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805(ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 talwanid@hotmial.ca

### ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ।ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।ਅੱਜ ਹੀ ਸੰਪਰਕ 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੁੰਪਰਕ ਕਰੋ 604-339-2389

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

## EMPLOYMENTS

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ।ਸਰੀ ਤੋਂ ਰਾਈਡ ਦਾ ਪ੍ਰੰਬਧ ਹੈ।ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਂਗਾ ।ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ-
ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ।ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਉ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-298-5000

Filmy ਸਮਾਚਾਰ

ਬਾਲੀਵੁਡ ਮੁਲਾਕਾਤ

# ਮੈਂ ਸ਼ਾਨਦਾਰ ਐਕਟਰੈੱਸ ਹਾਂ-ਨੁਸਰਤ ਭਰੂਚਾ

'ਜੈ ਸੰਤੋਸ਼ੀ ਮਾਂ' ਦੇ ਛੋਟੇ ਜਿਹੇ ਕਿਰਦਾਰ ਦੇ ਨਾਲ ਐਕਟਿੰਗ ਕਰੀਅਰ ਸ਼ੁਰੂ ਕਰਨ ਵਾਲੀ ਨੁਸਰਤ ਭਰੂਚਾ ਦਾ ਜਨਮ 17 ਮਈ 1985 ਨੂੰ ਮਾਇਆਨਗਰੀ ਮੁੰਬਈ ਵਿੱਚ ਹੋਇਆ ਸੀ। 'ਪਿਆਰ ਕਾ ਪੰਚਨਾਮਾ' ਅਤੇ 'ਸੋਨੂੰ ਕੇ ਟੀਟੂ ਕੀ ਸਵੀਟੀ' ਵਰਗੀਆਂ ਫਿਲਮਾਂ ਉਸ



ਦੇ ਕਰੀਅਰ ਵਿੱਚ ਅਹਿਮ ਮੋੜ ਲੈ ਆਈਆਂ। ਆਪਣੇ ਟੀ ਵੀ ਸ਼ੋਜ਼ ਤੋਂ ਫਿਲਮਾਂ ਤੱਕ ਉਸ ਨੇ ਇੱਕ ਕਾਫੀ ਲੰਬਾ ਸਫਰ ਤੈਅ ਕੀਤਾ ਹੈ। ਪਿੱਛੇ ਫਿਲਮ 'ਜਨਹਿਤ ਮੇਂ ਜਾਰੀ' ਵਿੱਚ ਨਜ਼ਰ ਆਈ ਨੁਸਰਤ ਅਕਸ਼ੈ ਕੁਮਾਰ ਦੇ ਆਪੋਜ਼ਿਟ ਫਿਲਮ 'ਸੈਲਫੀ' ਵਿੱਚ ਕੰਮ ਕਰ ਰਹੀ ਹੈ। ਅਕਸ਼ੈ ਕੁਮਾਰ ਦੇ ਆਪੋਜ਼ਿਟ ਉਸ ਦੀ ਇੱਕ ਹੋਰ ਫਿਲਮ 'ਰਾਮਸੇਤੂ' ਕੰਪਲੀਟ ਹੋ ਚੁੱਕੀ ਹੈ ਅਤੇ ਇਸ ਸਾਲ 25 ਅਕਤੂਬਰ ਨੂੰ ਆਏਗੀ। ਪੇਸ਼ ਹਨ ਨੁਸਰਤ ਭਰੂਚਾ ਦੇ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

**• 'ਚੋਰੀ' ਦੇ ਬਾਅਦ 'ਚੋਰੀ 2' ਦਾ ਐਲਾਨ ਹੋ ਚੁੱਕਾ ਹੈ। ਕੀ ਇਸ ਵਿੱਚ ਵੀ ਤੁਸੀਂ ਨਜ਼ਰ ਆਓਗੇ ?**

-ਮੇਕਰਸ ਨੇ ਇਸ ਦੇ ਸੀਕਵਲ ਦੇ ਨਾਲ ਕਹਾਣੀ ਦੀ ਫਰੈਂਚਾਈਜ਼ੀ ਨੂੰ ਅੱਗੇ ਵਧਾਉਣ ਦਾ ਫੈਸਲਾ ਕੀਤਾ ਹੈ। ਇਸ ਵਿੱਚ ਸਾਕਸ਼ੀ ਦੀ ਕਹਾਣੀ ਨੂੰ ਉਥੋਂ ਹੀ ਅੱਗੇ ਵਧਾਇਆ ਜਾਵੇਗਾ ਜਿੱਥੇ ਪਹਿਲਾ ਭਾਗ ਖਤਮ ਹੋਇਆ ਸੀ। ਜੇ ਮੈਨੂੰ ਇਸ ਵਾਰ ਵੀ ਮੌਕਾ ਮਿਲਿਆ ਤਾਂ ਇਸ ਦੇ ਲਈ ਮੇਰੀ ਪਹਿਲਾਂ ਤੋਂ ਹੀ ਹਾਂ ਹੈ।

**• ਤੁਸੀਂ ਅਕਸ਼ੈ ਦੇ ਨਾਲ ਦੋ ਫਿਲਮਾਂ 'ਸੈਲਫੀ' ਅਤੇ 'ਰਾਮਸੇਤੂ' ਕਰ ਰਹੇ ਹੋ। ਉਨ੍ਹਾਂ ਦੇ ਨਾਲ ਕੰਮ ਕਰਦੇ ਹੋਏ ਤੁਹਾਡਾ ਤਜ਼ਰਬਾ ਕਿਹੋ ਜਿਹ ਰਿਹਾ ?**

– ਅਕਸ਼ੈ ਕਮਾਲ ਦੇ ਇਨਸਾਨ ਹਨ। ਉਹ ਪੂਰੀ ਯੂਨਿਟ ਦੀ ਦੇਖਭਾਲ ਕਰਦੇ ਹਨ। ਪੂਰੀ ਟੀਮ ਨੂੰ ਇਕੱਠੇ ਲੈ ਕੇ ਚਲਦੇ ਹਨ। ਸੈੱਟ ਉੱਤੇ ਖਿਆਲ ਰੱਖਦੇ ਹਨ ਕਿ ਸਾਰੇ ਲੋਕ ਖੁਸ਼ ਹੋ ਕੇ ਕੰਮ ਕਰਨ। ਪਹਿਲੀ ਵਾਰ ਜਦ ਉਨ੍ਹਾਂ ਨੂੰ ਮਿਲੀ ਤਾਂ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ 'ਤੁਹਾਡੇ ਨਾਲ ਕੰਮ ਕਰ ਕੇ ਮੈਂ ਬਹੁਤ ਜ਼ਿਆਦਾ ਖੁਸ਼ ਹਾਂ।' ਇਸ ਇੰਡਸਟਰੀ ਵਿੱਚ ਉਨ੍ਹਾਂ ਨੇ ਬਹੁਤ ਸਾਲ ਬਿਤਾਏ ਹਨ, ਇਸ ਲਈ ਉਨ੍ਹਾਂ ਨੂੰ ਹਰ ਬਰੀਕੀ ਦੀ ਨਾਲੇਜ ਹੈ।

**• ਕਿਹਾ ਜਾਂਦਾ ਹੈ ਕਿ ਵਿਦਿਆ ਬਾਲਨ ਅਤੇ ਕੰਗਨਾ ਵਰਗੀਆਂ ਅਭਿਨੇਤਰੀਆਂ ਨੇ ਇੱਥੇ ਆ ਕੇ ਪੁਰਸ਼ ਪ੍ਰਧਾਨ ਫਿਲਮ ਇੰਡਸਟਰੀ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ ਅਤੇ ਇੱਥੇ ਫੀਮੇਲ ਐਕਟਰੈਸ ਰਾਜ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਤੁਸੀਂ ਇਸ ਬਾਰੇ ਕੀ ਸੋਚਦੇ ਹੋ ?**

-ਮੈਨੂੰ ਨਹੀਂ ਪਤਾ ਕਿ ਅੱਜ ਅਸੀਂ ਅਭਿਨੇਤਰੀਆਂ ਕਿੱਥੇ ਖੜ੍ਹੀਆਂ ਹਾਂ ਤੇ ਪੁਰਸ਼ ਪ੍ਰਧਾਨ ਇੰਡਸਟਰੀ ਪਹਿਲਾਂ ਦੇ ਮੁਕਾਬਲੇ ਕਿੰਨੀ ਕਮਜ਼ੋਰ ਹੈ ? ਹੋਈ ਵੀ ਜਾਂ ਨਹੀਂ, ਇੰਨਾ ਕਹਾਂਗੀ ਕਿ ਸਾਡੇ ਲਈ ਰਾਹ ਜ਼ਰੂਰ ਬਣਿਆ ਹੈ ਅਤੇ ਸਿਰਫ ਕੰਗਨਾ ਜਾਂ ਵਿਦਿਆ ਬਾਲਨ ਨਹੀਂ, ਪ੍ਰਿਅੰਕਾ ਚੋਪੜਾ, ਦੀਪਿਕਾ ਪਾਦੁਕੋਣ, ਆਲੀਆ ਭੱਟ ਅਤੇ ਅਨੁਸ਼ਕਾ ਸ਼ਰਮਾ ਨੇ ਇੱਕ ਦੇ ਬਾਅਦ ਇੱਕ ਸਾਹਸ ਭਰਿਆ ਕਦਮ ਉਠਾਉਂਦੇ ਹੋਏ ਸਾਡੇ ਵਰਗੀਆਂ ਅਭਿਨੇਤਰੀਆਂ ਦਾ ਰਾਹ ਪੱਧਰਾ ਕੀਤਾ ਹੈ।

**• ਤੁਸੀਂ ਖੁਦ ਨੂੰ ਕਿਸ ਤਰ੍ਹਾਂ ਦੀ ਐਕਟਰੈੱਸ ਮੰਨਦੇ ਹੋ ?**

– ਮੈਂ ਅਜਿਹੀ ਹਲਫਨਮੌਲਾ ਅਤੇ ਸ਼ਾਨਦਾਰ ਐਕਟਰੈੱਸ ਹਾਂ, ਜੋ ਹਮੇਸ਼ਾ ਕੁਝ ਨਾ ਕੁਝ ਅਲੱਗ ਕਰਨਾ ਪਸੰਦ ਕਰਦੀ ਹਾਂ। ਮੈਂ ਚਾਹੁੰਦੀ ਹਾਂ ਕਿ ਮੈਂ ਵੀ ਚੁਣੌਤੀਪੂਰਨ ਭੂਮਿਕਾਵਾਂ ਨਿਭਾਵਾਂ ਅਤੇ ਉਨ੍ਹਾਂ ਉੱਤੇ ਖਰੀ ਉਤਰ ਸਕਾਂ।

**• 'ਮੈਸੇਜਫੁਲ ਡਾਰਕ ਸਬਜੈਕਟ' ਜਾਂ 'ਪਿਓਰ ਇੰਟਰਟੇਨਮੈਂਟ' ਇਨ੍ਹਾਂ ਵਿੱਚੋਂ ਤੁਹਾਨੂੰ ਕਿਸ ਤਰ੍ਹਾਂ ਦੀਆਂ ਫਿਲਮਾਂ ਵਿੱਚ ਕੰਮ ਕਰਨਾ ਜ਼ਿਆਦਾ ਪਸੰਦ ਹੈ ?**

-ਬਾਲੀਵੁੱਡ ਫਿਲਮਾਂ ਵਿੱਚ ਚਾਹੇ ਕਿੰਨਾ ਬਦਲਾਅ ਆਏ, ਪਰ ਇੰਟਰਟੇਨਮੈਂਟ ਤੇ ਮਸਤੀ ਹਮੇਸ਼ਾ ਸਭ ਤੋਂ ਉਪਰ ਰਹੇਗੀ। ਇਨ੍ਹਾਂ ਫਲੇਵਰਸ ਨੂੰ ਬਾਲੀਵੁੱਡ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਜਾਨਰ ਚਾਹੇ ਜੋ ਵੀ ਹੋਵੇ, ਪ੍ਰੰਤੂ ਮੇਕਰਸ ਨੂੰ ਇਨ੍ਹਾਂ ਦੇ ਫਲੇਵਰਸ ਦਾ ਹਮੇਸ਼ਾ ਧਿਆਨ ਰੱਖਣਾ ਪਵੇਗਾ। ਮੈਨੂੰ ਹਰ ਸ਼ੈਲੀ ਦੀਆਂ ਫਿਲਮਾਂ ਵਿੱਚ ਕੰਮ ਕਰਨਾ ਪਸੰਦ ਹੈ, ਪਰ ਸਿਰਫ ਤੇ ਸਿਰਫ ਇੰਟਰਟਨੇਮੈਂਟ ਵਾਲੀਆਂ ਕਮਰਸ਼ੀਅਲ ਫਿਲਮਾਂ ਕਰਦੇ ਹੋਏ ਮੈਨੂੰ ਜ਼ਿਆਦਾ ਖੁਸ਼ੀ ਮਿਲਦੀ ਹੈ।

NORTHCOAST LUMBER 1

CALL THE TRUE CONTRACTORS YARD TODAY
604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਸਾਬਕਾ ਸੋਵੀਅਤ ਰਾਸ਼ਟਰਪਤੀ ਮਿਖਾਇਲ ਗੋਰਬਾਚੇਵ ਦਾ 91 ਸਾਲ ਦੀ ਉਮਰ ਵਿਚ ਦੇਹਾਂਤ



ਮਾਸਕੋ-ਸਾਬਕਾ ਸੋਵੀਅਤ ਰਾਸ਼ਟਰਪਤੀ ਮਿਖਾਇਲ ਗੋਰਬਾਚੇਵ ਦਾ ਮੰਗਲਵਾਰ ਨੂੰ 91 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਨੇ ਸ਼ੀਤ ਯੁੱਧ ਦਾ ਅੰਤ ਕੀਤਾ, ਪਰ ਸੋਵੀਅਤ ਸੰਘ ਦੇ ਪਤਨ ਨੂੰ ਰੋਕਣ ਵਿੱਚ ਅਸਫਲ ਰਹੇ। ਦੱਸਿਆ ਜਾ ਰਿਹਾ ਹੈ ਕਿ ਉਹ ਲੰਬੇ ਸਮੇਂ ਤੋਂ ਗੰਭੀਰ ਬੀਮਾਰੀਆਂ ਤੋਂ ਪੀੜਤ ਸਨ ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ। ਜਿਸ ਤੋਂ ਬਾਅਦ ਮੰਗਲਵਾਰ ਨੂੰ ਉਨ੍ਹਾਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਕੇਂਦਰੀ ਕਲੀਨਿਕਲ ਹਸਪਤਾਲ ਵਿਚ ਮਿਖਾਇਲ ਗੋਰਬਾਚੇਵ ਦੀ ਮੰਗਲਵਾਰ ਸ਼ਾਮ ਨੂੰ ਗੰਭੀਰ ਅਤੇ ਲੰਬੀ ਬਿਮਾਰੀ ਤੋਂ ਬਾਅਦ ਮੌਤ ਹੋ ਗਈ। ਮਿਖਾਇਲ ਗੋਰਬਾਚੇਵ ਯੂਨਾਈਟਿਡ ਯੂਨੀਅਨ ਆਫ ਸੋਵੀਅਤ ਸੋਸ਼ਲਿਸਟ ਰੀਪਬਲਿਕਸ (ਯੂਐਸਐਸਆਰ) ਦੇ ਆਖਰੀ ਨੇਤਾ ਸਨ। ਉਹ ਇਕ ਭਾਵੁਕ ਸੋਵੀਅਤ ਨੇਤਾ ਸੀ ਜੋ ਨਾਗਰਿਕਾਂ ਨੂੰ ਆਜ਼ਾਦੀ ਦੇ ਕੇ ਜਮਹੂਰੀ ਸਿਧਾਂਤਾਂ ਦੀ ਤਰਜ਼ 'ਤੇ ਕਮਿਊਨਿਸਟ ਸ਼ਾਸਨ ਵਿੱਚ ਸੁਧਾਰ ਕਰਨਾ ਚਾਹੁੰਦੇ ਸੀ। ਗੋਰਬਾਚੇਵ ਨੇ ਸਰਕਾਰ ਦੇ ਪਾਰਟੀ ਨਿਯੰਤਰਣ ਨੂੰ ਘਟਾਉਣ ਦੇ ਉਦੇਸ਼ ਨਾਲ ਰੈਡੀਕਲ ਸੁਧਾਰਾਂ ਦੀ ਸ਼ੁਰੂਆਤ ਕੀਤੀ।

# ਮਨੀਸ਼ ਸਿਸੋਦੀਆ ਦੇ ਬੈਂਕ ਲਾਕਰ ਦੀ ਸੀਬੀਆਈ ਨੇ ਕੀਤੀ ਜਾਂਚ, ਅੱਧੇ ਘੰਟੇ ਤੋਂ ਵੱਧ ਹੋਈ ਜਾਂਚ

ਨਵੀਂ ਦਿੱਲੀ-ਦਿੱਲੀ ਦੀ ਨਵੀਂ ਆਬਕਾਰੀ ਨੀਤੀ ਮਾਮਲੇ ਵਿਚ ਸੀਬੀਆਈ ਨੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਬੈਂਕ ਲਾਕਰ ਦੀ ਜਾਂਚ ਕੀਤੀ। ਸੀਬੀਆਈ ਦੀ ਟੀਮ ਨੇ ਅੱਧੇ ਘੰਟੇ ਤੋਂ ਵੱਧ ਸਮੇਂ ਤਕ ਬੈਂਕ ਦੇ ਲਾਕਰ ਦੀ ਤਲਾਸ਼ੀ ਲਈ। ਸੀਬੀਆਈ ਜਾਂਚ ਦੌਰਾਨ ਮਨੀਸ਼ ਸਿਸੋਦੀਆ ਆਪਣੀ ਪਤਨੀ ਨਾਲ ਬੈਂਕ 'ਚ ਮੌਜੂਦ ਸਨ। ਸੀਬੀਆਈ ਦੀ ਟੀਮ ਨੇ ਵਸੁੰਧਰਾ ਸੈਕਟਰ-ਗਾਜ਼ੀਆਬਾਦ ਸਥਿਤ ਪੀਐਨਬੀ ਬੈਂਕ ਦੀ ਸ਼ਾਖਾ 'ਚ ਛਾਪੇਮਾਰੀ ਕੀਤੀ। ਕਰੀਬ 11 ਵਜੇ ਮਨੀਸ਼ ਸਿਸੋਦੀਆ ਆਪਣੀ ਪਤਨੀ ਨਾਲ ਬੈਂਕ ਪਹੁੰਚੇ। ਮਨੀਸ਼ ਸਿਸੋਦੀਆ ਦੇ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਸੀਬੀਆਈ ਦੇ ਅਧਿਕਾਰੀ ਵੀ ਬੈਂਕ ਪਹੁੰਚ ਗਏ। ਸੀਬੀਆਈ ਦੀ ਟੀਮ ਨੇ ਅੱਧੇ ਘੰਟੇ ਤੋਂ ਵੱਧ ਸਮੇਂ ਤਕ ਲਾਕਰ ਦੀ ਜਾਂਚ ਕੀਤੀ। ਉੱਥੇ ਹੀ ਮਨੀਸ਼ ਸਿਸੋਦੀਆ ਤੋਂ ਫਾਈਲਾਂ ਬਾਰੇ ਵੀ ਪੁੱਛਗਿੱਛ ਕੀਤੀ।



# ਇੱਕ ਥਾਂ ਬੱਚੇ ਜ਼ਮੀਨ ਵਿਚ ਨਹੀਂ, ਰੁੱਖਾਂ 'ਚ ਦਫਨਾਏ ਜਾਂਦੇ ਹਨ !

ਸੁਲਾਵੇਸੀ-ਸਭ ਨੂੰ ਇਹ ਪਤਾ ਹੈ ਕਿ ਲੋਕ ਮਰਨ ਪਿੱਛੋਂ ਜ਼ਮੀਨ ਵਿੱਚ ਦਫਨਾਏ ਜਾਂਦੇ ਹਨ, ਪਰ ਇੱਕ ਪਿੰਡ ਅਜਿਹਾ ਹੈ, ਜਿੱਥੇ ਮਰਨ ਪਿੱਛੋਂ ਬੱਚੇ ਰੁੱਖਾਂ ਅੰਦਰ ਦਫ਼ਨਾਉਣ ਦਾ ਰਿਵਾਜ ਹੈ। ਇੰਡੋਨੇਸ਼ੀਆ ਦੇ ਦੱਖਣੀ ਸੁਲਾਵੇਸੀ ਸੂਬੇ ਵਿੱਚ ਅਜਿਹਾ ਪਿੰਡ ਹੈ, ਜਿੱਥੇ ਲੋਕ ਬੱਚਿਆਂ ਨੂੰ ਇੱਕ ਵੱਡੇ ਰੁੱਖ ਅੰਦਰ ਦਫ਼ਨਾ ਦਿੰਦੇ ਹਨ।ਤਾਨਾ ਤੋਰਾਜਾ ਦੇ ਨਾਮ ਨਾਲ ਮਸ਼ਹੂਰ ਇਸ ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਅਜਿਹਾ ਕਰਨ ਨਾਲ ਕੁਦਰਤ ਉਨ੍ਹਾਂ ਦੇ ਬੱਚਿਆਂ ਨੂੰ ਆਪਣੇ ਵਿੱਚ ਸਮਾਅ ਲੈਂਦੀ ਹੈ ਅਤੇ ਬੱਚੇ ਫਿਰ ਕੁਦਰਤ ਦਾ ਹਿੱਸਾ ਬਣ ਜਾਂਦੇ ਹਨ। ਇਸ ਪ੍ਰਕਿਰਿਆ ਵਿੱਚ ਦਰਖ਼ਤ ਦੇ ਤਣੇ ਵਿੱਚ ਵੱਡਾ ਟੋਆ ਬਣਾਉਣ ਪਿੱਛੋਂ ਬੱਚੇ ਨੂੰ ਕੱਪੜੇ ਵਿੱਚ ਲਪੇਟ ਕੇ ਅੰਦਰ ਰੱਖ ਦਿੰਦੇ ਹਨ। ਇਸ ਤੋਂ ਬਾਅਦ ਟੋਏ ਨੂੰ ਪਾਮ ਦਰੱਖਤ ਦੇ ਪੱਤਿਆਂ ਨਾਲ ਦੀ ਛੱਪਰੀ ਨਾਲ ਢੱਕ ਦਿੱਤਾ ਜਾਂਦਾ ਹੈ।ਕੁਝ ਦਿਨਾਂ ਵਿੱਚਦਰੱਖਤ ਆਪਣੀ ਪੁਰਾਣੀ ਸ਼ਕਲ ਵਿੱਚ ਵਾਪਸ ਆ ਜਾਂਦਾ ਹੈ ਅਤੇ ਇਸ ਦੇ ਨਾਲ ਮੰਨਿਆ ਜਾਂਦਾ ਹੈ ਕਿ ਬੱਚਾ ਮਿਲ ਚੁੱਕਾ ਹੈ। ਪਿੰਡ ਵਾਸੀਆਂ ਦਾ ਮੰਨਣਾ ਹੈ ਕਿ ਬੱਚੇ ਦੀ ਆਤਮਾਹਵਾ ਆਪਣੇ ਨਾਲ ਲੈ ਜਾਂਦੀ ਹੈ ਪਰ ਇਸ ਦਰੱਖਤ ਵਿੱਚ ਸਿਰਫ਼ ਉਹੀ ਬੱਚੇ ਦਫਨਾਏ ਜਾਂਦੇ ਹਨ, ਜਿਨ੍ਹਾਂ ਦੀ ਮੌਤ ਦੰਦ ਨਿਕਲਣ ਤੋਂ ਪਹਿਲਾਂ ਹੀ ਹੋ ਜਾਂਦੀ ਹੈ।

# ਦਿੱਲੀ ਦੇ ਲੈਫਟੀਨੈਂਟ ਗਵਰਨਰ 'ਤੇ ਨੋਟਬੰਦੀ ਦੌਰਾਨ 1400 ਕਰੋੜ ਦੇ ਘਪਲੇ ਦਾ ਦੋਸ਼

ਨਵੀਂ ਦਿੱਲੀ-ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਸਾਰੇ ਵਿਧਾਇਕ ਦਿੱਲੀ ਵਿਧਾਨ ਸਭਾ ਵਿੱਚ ਧਰਨੇ ਉੱਤੇ ਬੈਠ ਗਏ ਹਨ। ਵਿਧਾਇਕ ਲੈਫਟੀਨੈਂਟ ਗਵਰਨਰ (ਐਲ ਜੀ) ਵਿਨੇ ਕੁਮਾਰ ਸਕਸੈਨਾ ਖ਼ਿਲਾਫ਼ ਜਾਂਚ ਅਤੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਧਰਨੇ ਉੱਤੇ ਬੈਠੇ ਹਨ। ਇਹ ਜਾਣਕਾਰੀ ਆਮ ਆਦਮੀ ਪਾਰਟੀ ਦੇ ਬੁਲਾਰੇ ਅਤੇ ਵਿਧਾਇਕ ਸੌਰਭ ਭਾਰਦਵਾਜ ਨੇ ਦਿੱਤੀ।ਇਸ ਪਾਰਟੀ ਦੇ ਵਿਧਾਇਕਾਂ ਦਾ ਦੋਸ਼ ਹੈ ਕਿ ਨੋਟਬੰਦੀ ਦੌਰਾਨ ਮੌਜੂਦਾ ਲੈਫਟੀਨੈਂਟ ਗਵਰਨਰ ਵੱਲੋਂ ਖਾਦੀ ਗ੍ਰਾਮ ਉਦਯੋਗ ਕਮਿਸ਼ਨ ਦੇ ਚੇਅਰਮੈਨ ਰਹਿੰਦਿਆਂ 1,400 ਕਰੋੜ ਰੁਪਏ ਦਾ ਘਪਲਾ ਕੀਤਾ ਗਿਆ ਸੀ। ਇਸਦੀ ਜਾਂਚ ਹੋਣੀ ਚਾਹੀਦੀ ਹੈ। ਵਿਧਾਇਕ ਸੌਰਵ ਭਾਰਦਵਾਜ ਨੇ ਕਿਹਾ ਕਿ ਤੁਸੀ ਜਾਣਦੇ ਹੋ ਕਿ ਦਿੱਲੀ ਵਿਧਾਨ ਸਭਾ ਭਰੋਸੇ ਦੇ ਵੋਟ ਉੱਤੇ ਚਰਚਾ ਕਰਦੇ ਹੋਏ ਕਈ ਵਾਰ ਮੁਲਤਵੀ ਹੋਈ। ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਮੰਗ ਹੈ ਕਿ ਖਾਦੀ ਗ੍ਰਾਮ ਉਦਯੋਗ ਕਮਿਸ਼ਨ ਵਿੱਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਹੋਵੇ। ਸੌਰਵ ਭਾਰਦਵਾਜ ਨੇ ਕਿਹਾ ਕਿ ਉਹ ਲੋਕ ਖੁਦ ਕਹਿੰਦੇ ਸਨ ਕਿ ਜੇ ਦੋਸ਼ ਲੱਗਣ ਤਾਂ ਜਾਂਚ ਹੋਣੀ ਚਾਹੀਦੀ ਹੈ, ਫਿਰ ਅਸੀਂ ਵੀ ਕਹਿ ਰਹੇ ਹਾਂ ਕਿ ਜੇ ਲੈਫਟੀਨੈਂਟ ਗਵਰਨਰ ਉੱਤੇ ਦੋਸ਼ ਹਨ ਤਾਂ ਉਨ੍ਹਾਂ ਖ਼ਿਲਾਫ਼ ਵੀ ਸੀ ਬੀ ਆਈ, ਈ ਡੀ ਦੀ ਜਾਂਚ ਹੋਣੀ ਚਾਹੀਦੀ ਹੈ।

AMA CONCRETE
Commercial & Residential
- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

Filmy ਸਮਾਚਾਰ

# ਮੈਂ ਕੈਮਰਾ ਫਰੇਮ 'ਚ ਰਹਿਣਾ ਕਰੀਨਾ ਕੋਲੋਂ ਸਿੱਖਿਆ-ਕਿਆਰਾ



ਮੁੰਬਈ-ਬੌਲੀਵੁੱਡ ਅਦਾਕਾਰਾ ਕਿਆਰਾ ਅਡਵਾਨੀ ਨੇ ਆਖਿਆ ਕਿ ਉਸ ਨੇ ਸ਼ੂਟਿੰਗ ਦੌਰਾਨ ਕੈਮਰੇ ਮੂਹਰੇ ਚੌਕਸ ਰਹਿਣ ਦਾ ਢੰਗ ਕਰੀਨਾ ਕਪੂਰ ਕੋਲੋਂ ਸਿੱਖਿਆ ਹੈ। ਇਸ ਲਈ 'ਕੈਮਰਾ ਫਰੇਮ' ਤੋਂ ਬਾਹਰ ਜਾਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਨੂੰ ਸ਼ਾਨਦਾਰ ਕਰਾਰ ਦਿੰਦਿਆਂ ਅਦਾਕਾਰਾ ਨੇ ਸਾਲ 2019 ਵਿੱਚ ਕਰੀਨਾ ਨਾਲ ਆਈ ਫ਼ਿਲਮ 'ਗੁੱਡ ਨਿਊਜ਼' ਦਾ ਤਜਰਬਾ ਵੀ ਸਾਂਝਾ ਕੀਤਾ। ਕਿਆਰਾ ਨੇ ਆਖਿਆ,"ਮੈਂ ਕਰੀਨਾ ਕੋਲੋਂ ਬਹੁਤ ਕੁਝ ਸਿੱਖਿਆ ਹੈ। ਮੈਂ ਉਸ ਕੋਲੋਂ ਇਹ ਵੀ ਸਿੱਖਿਆ ਕਿ ਕੈਮਰੇ ਦਾ ਸਾਹਮਣਾ ਕਿਵੇਂ ਕਰਨਾ ਹੈ। ਆਮ ਤੌਰ 'ਤੇ ਮੈਂ ਸ਼ੂਟਿੰਗ ਦੌਰਾਨ ਕਿਸੇ ਖਾਸ ਚੀਜ਼ ਨੂੰ ਤਵੱਜੋ ਦਿੰਦਿਆਂ ਕੈਮਰੇ ਦੇ ਫਰੇਮ 'ਚ ਰਹਿਣਾ ਭੁੱਲ ਜਾਂਦੀ ਸੀ। ਪਰ ਕਰੀਨਾ ਨਾਲ ਅਜਿਹਾ ਨਹੀਂ ਹੋਇਆ ਅਤੇ ਉਸ ਨੂੰ ਪਤਾ ਹੁੰਦਾ ਸੀ ਕਿ ਕੈਮਰਾ ਕਿਥੇ ਹੈ।" ਅਦਾਕਾਰਾ ਨੇ ਅੱਗੇ ਆਖਿਆ ਕਿ ਉਹ ਪਰਿਵਾਰ ਦਾ ਮਨੋਰੰਜਨ ਕਰਨ ਵਾਲੀਆਂ ਫ਼ਿਲਮਾਂ ਵਿੱਚ ਕੰਮ ਕਰਨਾ ਚਾਹੁੰਦੀ ਹੈ। ਜਜ਼ਬਾਤੀ ਦ੍ਰਿਸ਼ਾਂ ਬਾਰੇ ਗੱਲਬਾਤ ਕਰਦਿਆਂ ਉਸ ਨੇ ਆਖਿਆ,"ਤੁਸੀਂ ਅਜਿਹੇ ਸੀਨ ਇਮਾਨਦਾਰੀ ਨਾਲ ਕਰੋ, ਜਾਅਲੀ ਨਾ ਬਣੋ ਕਿਉਂਕਿ ਇਮਾਨਦਾਰੀ ਨਾਲ ਨਿਭਾਇਆ ਕਿਰਦਾਰ ਦਰਸ਼ਕਾਂ ਨੂੰ ਹਲੂਣਦਾ ਹੈ।"



# ਦਿਸ਼ਾ ਪਟਾਨੀ ਮੇਰੀ ਮਹਿਜ਼ ਦੋਸਤ-ਟਾਈਗਰ

ਮੁੰਬਈ-ਬੌਲੀਵੁੱਡ ਅਦਾਕਾਰ ਟਾਈਗਰ ਸ਼ਰਾਫ ਹਾਲ ਹੀ 'ਚ ਚੈਟ ਸ਼ੋਅ 'ਕੌਫੀ ਵਿਦ ਕਰਨ' ਦੇ ਨੌਵੇਂ ਐਪੀਸੋਡ 'ਤੇ ਨਜ਼ਰ ਆਇਆ। ਇਸ ਦੌਰਾਨ ਕਰਨ ਜੌਹਰ ਨੇ ਉਸ ਨੂੰ ਦਿਸ਼ਾ ਪਟਾਨੀ ਨਾਲ ਉਸ ਰਿਸ਼ਤੇ ਬਾਰੇ ਪੁੱਛਿਆ ਤਾਂ ਟਾਈਗਰ ਨੇ ਕਰਨ ਕੋਲ ਆਪਣੇ ਦਿਲ ਦੇ ਰਾਜ਼ ਖੋਲ੍ਹੇ ਤੇ ਦਿਸ਼ਾ ਪਟਾਨੀ ਬਾਰੇ ਖੂਬ ਗੱਲਾਂ ਸਾਂਝੀਆਂ ਕੀਤੀਆਂ। ਟਾਈਗਰ ਨੇ ਦੱਸਿਆ ਕਿ ਦਿਸ਼ਾ ਉਸ ਦੀ ਸਿਰਫ ਚੰਗੀ ਦੋਸਤ ਹੈ ਤੇ ਉਹ ਇਸ ਵੇਲੇ ਕਿਸੇ ਨਾਲ ਡੇਟ ਨਹੀਂ ਕਰ ਰਿਹਾ ਤੇ ਸਿੰਗਲ ਹੈ। ਦੱਸਣਾ ਬਣਦਾ ਹੈ ਕਿ ਪਹਿਲਾਂ ਇਹ ਅਫਵਾਹਾਂ ਸਨ ਕਿ ਟਾਈਗਰ ਤੇ ਦਿਸ਼ਾ ਕਈ ਸਾਲਾਂ ਤੋਂ ਡੇਟਿੰਗ ਕਰ ਰਹੇ ਹਨ। ਕਰਨ ਨੇ ਟਾਈਗਰ ਨੂੰ ਜਦੋਂ ਦੁਬਾਰਾ ਦਿਸ਼ਾ ਨਾਲ ਉਸ ਦੇ ਰਿਸ਼ਤੇ ਬਾਰੇ ਪੁੱਛਿਆ ਤਾਂ ਟਾਈਗਰ ਨੇ ਕਿਹਾ, 'ਉਹ ਮੇਰੀ ਬਹੁਤ ਚੰਗੀ ਦੋਸਤ ਹੈ।' ਇਸ ਤੋਂ ਬਾਅਦ ਕਰਨ ਨੇ ਤਨਜ਼ ਕੱਸਦਿਆਂ ਕਿਹਾ ਕਿ ਉਸ ਨੇ ਉਨ੍ਹਾਂ ਦੋਵਾਂ ਨੂੰ ਬਹੁਤ ਵਾਰ ਮੁੰਬਈ ਦੇ ਇਕ ਮਸ਼ਹੂਰ ਰੈਸਤਰਾਂ ਵਿੱਚ ਦੇਖਿਆ ਹੈ ਤੇ ਉਹ ਦਿਸ਼ਾ ਨੂੰ ਸਿਰਫ ਦੋਸਤ ਨਹੀਂ ਕਹਿ ਸਕਦਾ ਤਾਂ ਟਾਈਗਰ ਨੇ ਕਿਹਾ ਕਿ ਉਨ੍ਹਾਂ ਦੋਵਾਂ ਦੇ ਖਾਣੇ ਦੀ ਪਸੰਦ ਇਕੋ ਹੈ, ਇਸ ਕਰ ਕੇ ਦੋਵੇਂ ਇਕੱਠੇ ਖਾਣਾ ਖਾਣ ਜਾਂਦੇ ਹਨ।



# ਕਪਿਲ ਨੇ ਹੁਮਾ ਕੁਰੈਸ਼ੀ ਨਾਲ ਤਸਵੀਰ ਸਾਂਝੀ ਕਰਕੇ ਦਰਸ਼ਕਾਂ ਨੂੰ ਪਾਇਆ ਸੁਆਲ

ਮੁੰਬਈ-ਕਾਮੇਡੀਅਨ ਕਪਿਲ ਸ਼ਰਮਾ ਆਪਣੇ 'ਦਿ ਕਪਿਲ ਸ਼ਰਮਾ ਸ਼ੋਅ' ਦਾ ਨਵਾਂ ਸੀਜ਼ਨ ਲੈ ਕੇ ਆ ਰਿਹਾ ਹੈ। ਹਾਲ ਹੀ ਵਿੱਚ ਕਪਿਲ ਨੇ ਅਦਾਕਾਰਾ ਹੁਮਾ ਕੁਰੈਸ਼ੀ ਨਾਲ ਇੱਕ ਤਸਵੀਰ ਸਾਂਝੀ ਕੀਤੀ ਹੈ। ਇਸ ਤਸਵੀਰ ਵਿੱਚ ਦੋਵੇਂ ਜਣੇ ਇੱਕ-ਦੂਜੇ ਨਾਲ ਪਿੱਠ ਜੋੜੀ ਖੜ੍ਹੇ ਦਿਖਾਈ ਦਿੰਦੇ ਹਨ ਅਤੇ ਦੋਵਾਂ ਨੇ ਹੀ ਆਪਣੇ ਹੱਥਾਂ ਨਾਲ ਬੰਦੂਕਾਂ ਬਣਾਈਆਂ ਹੋਈਆਂ ਹਨ। ਕਪਿਲ ਨੇ ਆਪਣੇ ਚਾਹੁਣ ਵਾਲਿਆਂ ਨੂੰ ਆਖਿਆ ਕਿ ਉਹ ਇਸ ਤਸਵੀਰ ਬਾਰੇ ਅੰਦਾਜ਼ਾ ਲਾਉਣ। ਕਪਿਲ ਨੇ ਆਖਿਆ, 'ਕੀ ਕੋਈ ਦੱਸ ਸਕਦਾ ਹੈ ਕਿ ਮੈਂ ਤੇ ਹੁਮਾ ਕੁਰੈਸ਼ੀ ਕਿਹੜਾ ਪ੍ਰਾਜੈਕਟ ਇਕੱਠਿਆਂ ਕਰ ਰਹੇ ਹਾਂ। ਇਸ ਸਵਾਲ ਦਾ ਜਵਾਬ ਦੇਣ ਵਾਲੇ ਪਹਿਲੇ ਦਸ ਜੇਤੂਆਂ ਨੂੰ 'ਦਿ ਕਪਿਲ ਸ਼ਰਮਾ ਸ਼ੋਅ' ਵੇਖਣ ਦਾ ਮੌਕਾ ਮਿਲੇਗਾ।' ਇਸ ਦੇ ਜਵਾਬ ਵਿੱਚ ਕੁਝ ਪ੍ਰਸ਼ੰਸਕਾਂ ਨੇ ਇਹ ਤਸਵੀਰ ਕਿਸੇ ਜਾਸੂਸੀ ਫਿਲਮ ਜਾਂ ਕਿਸੇ ਓਟੀਟੀ ਸ਼ੋਅ ਦੀ ਦੱਸੀ ਹੈ, ਜਦਕਿ ਕੁਝ ਦਾ ਕਹਿਣਾ ਹੈ ਕਿ ਇਹ ਤਸਵੀਰ ਕਪਿਲ ਦੇ ਗੀਤ ਦੀ ਵੀਡੀਓ ਦੀ ਹੈ। ਜ਼ਿਕਰਯੋਗ ਹੈ ਕਿ ਛੇਤੀ ਹੀ ਕਪਿਲ ਫਿਲਮ 'ਜ਼ਵਿਗਾਟੋ' ਵਿੱਚ ਖਾਣਾ ਘਰ ਘਰ ਪਹੁੰਚਾਉਣ ਵਾਲੇ ਲੜਕੇ ਦਾ ਕਿਰਦਾਰ ਨਿਭਾਉਂਦਾ ਨਜ਼ਰ ਆਵੇਗਾ। ਇਸ ਦੇ ਨਾਲ ਹੀ ਉਸ ਦਾ ਸ਼ੋਅ 'ਦਿ ਕਪਿਲ ਸ਼ਰਮਾ ਸ਼ੋਅ' ਵੀ 10 ਸਤੰਬਰ ਤੋਂ ਮੁੜ ਸ਼ੁਰੂ ਹੋਣ ਜਾ ਰਿਹਾ ਹੈ।




FOR BUYING OR SELLING
any kind of Property, Count on my many years of Expert Experience
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

COMMERCIAL LAND ON BUSY HIGHWAY IN MISSION
5 Acres Commercial land (flat) on the Busy Highway in Mission. CVD zoned. You can Build anything like shopping mall, banquet hall or shop cum flats. No information released without Confidentiality Agreement.
ASKING ONLY $20 mil

INDUSTRIAL WAREHOUSE FOR SALE IN RICHMOND
Need space for your small business? Check this out!! Industrial warehouse 1500 SF for sale. Central location, Near No. 6 Road and River Road, Richmond. Potential to add 2nd floor.
ASKING ONLY $778,000

BUILDINGS LOTS
Now, assignment of 2-building lots 3800 sf, side by side available for sale near 131/236 Street in Maple Ridge.
Try offer.
ASKING ONLY $799,000 each

EXCELLENT OPPORTUNITY
Two upcoming 3 bedrooms unit in Hightower on 14th and 15th floor, ready by early 2025 you can Buy this with 20% deposit over 2 years period

6340 BUSWELL ST, RICHMOND


Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

PUB FOR SALE
Interested to run your own Pub!! Good monthly return, now available for Sale with or without Pub-licence. Call for more details.

DUPLEX LOT RT2 ZONE FOR SALE IN VANCOUVER
6422 Beatrice St, Vancouver
Available for assignment Duplex Lot RT2 zone
ASKING $1.6 million

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# 16 ਨੂੰ ਆਏਗੀ ਸਵਰਾ ਦੀ ਫਿਲਮ 'ਜਹਾਂ ਚਾਰ ਯਾਰ'




ਸਵਰਾ ਭਾਸਕਰ ਦੀ ਫਿਲਮ 'ਜਹਾਂ ਚਾਰ ਯਾਰ' ਦਾ ਟ੍ਰੇਲਰ ਰਿਲੀਜ਼ ਹੋ ਗਿਆ ਹੈ। ਟ੍ਰੇਲਰ ਵਿੱਚ ਸਾਰੇ ਕਲਾਕਾਰ ਮਸਤੀ ਦੇ ਮੂਡ ਵਿੱਚ ਨਜ਼ਰ ਆਏ ਹਨ। ਇਹ ਕਾਮੇਡੀ ਫਿਲਮ ਹੈ। ਫਿਲਮ ਵਿੱਚ ਸਵਰਾ ਦੇ ਇਲਾਵਾ ਸ਼ਿਖਾ ਤਲਸਾਨੀਆ, ਮੇਹਰ ਵਿੱਜ ਅਤੇ ਪੂਜਾ ਚੋਪੜਾ ਵੀ ਨਜ਼ਰ ਆਉਣਗੀਆਂ।ਸਵਰਾ ਨੇ ਸੋਸ਼ਲ ਮੀਡੀਆ ਅਕਾਊਂਟ ਉੱਤੇ ਫਿਲਮ ਦਾ ਟ੍ਰੇਲਰ ਸ਼ੇਅਰ ਕੀਤਾ ਅਤੇ ਲਿਖਿਆ, "ਆਓ 'ਗਰਲ ਟ੍ਰਿਪ ਆਪ ਦ ਈਅਰ' ਵਿੱਚ ਸ਼ਾਮਲ ਹੋਈਏ, ਜਿੱਥੇ ਮਸਤੀ, ਉਲਾਸ, ਪਿਆਰ ਅਤੇ ਲਾਫਟਰ ਹੋਣ ਵਾਲਾ ਹੈ। ਫਿਲਮ ਦਾ ਟ੍ਰੇਲਰ ਜਾਰੀ ਹੋ ਗਿਆ ਹੈ। ਇਹ ਫਿਲਮ 16 ਸਤੰਬਰ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਇਹ ਰੋਡ ਟ੍ਰਿਪ ਉੱਤੇ ਆਧਾਰਤ ਫਿਲਮ ਹੈ, ਜਿਸ ਵਿੱਚ ਚਾਰੇ ਅਭਿਨੇਤਰੀਆਂ ਆਪਣੇ ਪਤੀਆਂ ਨੂੰ ਛੱਡ ਕੇ ਦੋਸਤਾਂ ਨਾਲ ਗੋਆ ਟ੍ਰਿਪ ਉੱਤੇ ਨਿਕਲ ਜਾਂਦੀਆਂ ਹਨ। ਜਦ ਘਰ ਦੇ ਕੰਮਾਂ ਤੋਂ ਇਨ੍ਹਾਂ ਚਾਰਾਂ ਔਰਤਾਂ ਦਾ ਮਨ ਅੱਕ ਜਾਂਦਾ ਹੈ ਤਾਂ ਕੁਝ ਐਡਵੈਂਚਰ ਕਰਨ ਦਾ ਫੈਸਲਾ ਲੈਂਦੀਆਂ ਹਨ। ਇਸ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਇਹ ਔਰਤਾਂ ਪਤੀ ਦੀ ਪਰਛਾਈ ਤੋਂ ਬਾਹਰ ਨਿਕਲਦੀਆਂ ਹਨ। ਫਿਲਮ ਨੂੰ ਕਮਲ ਪਾਂਡੇ ਨੇ ਡਾਇਰੈਕਟ ਕੀਤਾ ਹੈ। ਇਹ ਉਨ੍ਹਾਂ ਦੇ ਨਿਰਦੇਸ਼ਨ ਦੀ ਪਹਿਲੀ ਫਿਲਮ ਹੈ।

MORTGAGE
Get Interest Rates as low as
4.18%*
5 YEARS VARIABLE CLOSED
*Conditions Apply. Rates subject to change without notice. Vald till 31 Aug., 22. It is for the Principal house.
GET CASH BACK UP TO $3000*
Superior Mortgage
Unit 244-8138-128 Street, Surrey
604 507 1000
Our Symbol of Care & Service

JOSAN REBAR & DAMPPROOFING LTD.
7 ਸਾਲ ਤੋਂ ਵੱਧ ਤਜ਼ਰਬਾ
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
JR
- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

# ਸ਼ਾਹਰੁਖ ਖ਼ਾਨ ਦੀ ਫਿਲਮ 'ਪਠਾਨ' ਖਲਨਾਇਕ ਬਣਿਆ ਜਾਨ ਅਬਰਾਹਮ



'ਏਕ ਵਿਲੇਨ ਰਿਟਰਨਜ਼' ਦੀ ਸਫਲਤਾ ਤੋਂ ਬਾਅਦ ਜਾਨ ਅਬਰਾਹਮ ਇੱਕ ਵਾਰ ਫਿਰ ਫਿਲਮ 'ਪਠਾਨ' ਵਿਚ ਖਲਨਾਇਕ ਵਜੋਂ ਧਮਾਕੇਦਾਰ ਕਿਰਦਾਰ ਨਿਭਾਏਗਾ। ਸੁਪਰਸਟਾਰ ਸ਼ਾਹਰੁਖ ਦੀ ਇਹ ਫਿਲਮ ਅਗਲੇ ਸਾਲ ਜਨਵਰੀ ਵਿੱਚ ਰਿਲੀਜ਼ ਹੋਵੇਗੀ। ਸ਼ਾਹਰੁਖ ਇਸ ਫਿਲਮ ਜ਼ਰੀਏ ਪੰਜ ਸਾਲਾਂ ਬਾਅਦ ਵੱਡੇ ਪਰਦੇ ਉਤੇ ਵਾਪਸੀ ਕਰ ਰਿਹਾ ਹੈ। ਇਸ ਫਿਲਮ ਦਾ ਡਾਇਰੈਕਟਰ ਸਿਧਾਰਥ ਆਨੰਦ ਹੈ ਅਤੇ ਦੀਪਿਕਾ ਪਾਦੁਕੋਣ ਮੇਨ ਲੀਡ ਵਿੱਚ ਹੈ। ਜਾਨ ਅਬਰਾਹਮ ਨੇ ਟਵਿੱਟਰ ਉਤੇ ਇਸ ਫਿਲਮ ਵਿਚਲੀ ਆਪਣੀ ਪਹਿਲੀ ਦਿੱਖ ਜਾਰੀ ਕੀਤੀ, ਜਿਸ ਵਿੱਚ ਉਹ ਹਥਿਆਰ ਚੁੱਕੀ ਨਜ਼ਰ ਆ ਰਿਹਾ ਹੈ। ਇਹ ਫਿਲਮ 25 ਜਨਵਰੀ ਨੂੰ ਹਿੰਦੀ, ਤਾਮਿਲ ਅਤੇ ਤੇਲਗੂ ਭਾਸ਼ਾ ਵਿੱਚ ਰਿਲੀਜ਼ ਹੋਵੇਗੀ। ਸਿਧਾਰਥ ਆਨੰਦ ਨੇ ਆਖਿਆ ਕਿ ਇਸ ਫਿਲਮ ਵਿੱਚ ਜਾਨ ਵਿਲੇਨ ਦੀ ਭੂਮਿਕਾ ਨਿਭਾ ਰਿਹਾ ਹੈ, ਪਰ ਉਸ ਦਾ ਕਿਰਦਾਰ ਨਾਇਕ ਵਾਂਗ ਹੀ ਵਧੀਆ ਹੈ। ਉਸ ਨੇ ਹਮੇਸ਼ਾ ਇਸ ਤੱਥ ਉਤੇ ਭਰੋਸਾ ਕੀਤਾ ਹੈ ਕਿ ਖਲਨਾਇਕ ਦੀ ਪੇਸ਼ਕਾਰੀ ਵੀ ਵੱਡੀ ਹੋਣੀ ਚਾਹੀਦੀ ਹੈ ਭਾਵੇਂ ਉਹ ਨਾਇਕ ਤੋਂ ਵੱਡੀ ਨਾ ਹੋਵੇ। ਇਸ ਤੋਂ ਇੱਕ ਮਹੀਨਾ ਪਹਿਲਾਂ ਫਿਲਮ ਨਿਰਮਾਤਾਵਾਂ ਨੇ ਦੀਪਿਕਾ ਦੀ ਪਹਿਲੀ ਦਿੱਖ ਜਾਰੀ ਕੀਤੀ ਸੀ।

# ਫ਼ਿਲਮ ਨਿਰਮਾਣ ਵੱਲ ਕਰੀਨਾ ਕਪੂਰ



ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਦੀ ਬਾਕਸ ਆਫਿਸ ਉਤੇ ਅਸਫਲਤਾ ਤੋਂ ਬੇਫਿਕਰ ਕਰੀਨਾ ਕਪੂਰ ਨੇ ਆਪਣੇ ਪਹਿਲੇ ਪ੍ਰੋਡਕਸ਼ਨ ਉਤੇ ਕੰਮ ਸ਼ੁਰੂ ਕਰ ਦਿੱਤਾ ਹੈ। ਉਸ ਨੇ ਇਸ ਦਾ ਨਾਂਅ ਜਾਂ ਹੋਰ ਜਾਣਕਾਰੀ ਫਿਲਹਾਲ ਸਾਂਝੀ ਨਹੀਂ ਕੀਤੀ ਹੈ। ਅਭਿਨੇਤਰੀ ਨੇ ਇੰਸਟਾਗਰਮ ਉਤੇ 'ਸ਼ਾਹਿਦ' ਦੇ ਡਾਇਰੈਕਟਰ ਹੰਸਲ ਮਹਿਤ ਦੇ ਨਾਂਅ ਦੇ ਨਾਲ ਇੱਕ ਫਿਲਮ ਦੀ ਸਕ੍ਰਿਪਟ ਦੀ ਤਸਵੀਰ ਡਾਇਰੈਕਟਰ ਦੇ ਨਾਂਅ ਉਤੇ ਪੋਸਟ ਕੀਤੀ। ਉਸ ਨੇ ਪ੍ਰੋਜੈਕਟ ਦੇ ਸਿਰਲੇਖ ਨੂੰ ਇੱਕ ਪੈੱਨ ਰੱਖ ਕੇ ਚਲਾਕੀ ਨਾਲ ਛੁਪਾਇਆ, ਹਾਲਾਂਕਿ ਕੋਈ ਵੀ 'ਦ' ਅਤੇ 'ਮਰਡਰ' ਸ਼ਬਦ ਦੇਖ ਸਕਦਾ ਹੈ। ਇੱਕ ਸਾਲ ਪਹਿਲਾਂ ਅਗਸਤ 2021 ਵਿੱਚ ਕਰੀਨਾ ਨੇ ਇੰਸਟਾਗ੍ਰਾਮ ਉਤੇ ਐਲਾਨ ਕੀਤਾ ਸੀ ਕਿ ਉਹ ਏਕਤਾ ਕਪੂਰ ਦੀ ਬਾਲਾਜੀ ਟੈਲੀਫਿਲਮਜ਼ ਦੇ ਸਹਿਯੋਗ ਨਾਲ ਫਿਲਮ ਪ੍ਰੋਡਕਸ਼ਨ ਕਰਨ ਵਾਲੀ ਹੈ। ਕਰੀਨਾ ਨੇ ਏਕਤਾ ਤੇ ਹੰਸਲ ਮਹਿਤਾ ਨਾਲ ਆਪਣੀ ਤਸਵੀਰ ਪੋਸਟ ਕਰ ਕੇ ਐਲਾਨ ਕੀਤਾ ਸੀ ਕਿ ਉਹ ਜਲਦੀ ਨਿਰਮਾਤਾ ਬਣੇਗੀ।ਇਸ ਦੇ ਇਲਾਵਾ ਕਰੀਨਾ ਦੇ ਕੋਲ ਸੁਜਾਏ ਘੋਸ਼ ਦੀ ਅਗੀ ਥ੍ਰਿਲਰ ਫਿਲਮ ਅਤੇ ਉਸ ਦੀ 'ਵੀਰੇ ਦੀ ਵੈਡਿੰਗ' ਨਿਰਮਾਤਾ ਨਾਲ ਇੱਕ ਫਿਲਮ ਵੀ ਹੈ। ਸੁਜਾਏ ਘੋਸ਼ ਦੇ ਨਿਰਦੇਸ਼ਨ ਵਾਲੀ ਜਾਪਾਨੀ ਕਿਤਾਬ 'ਦ ਡਿਵੋਸ਼ਨ ਆਫ ਸਸਪੈਕਟ ਐਕਸ' ਉਤੇ ਆਧਾਰਤ ਹੈ, ਜਿਸ ਵਿੱਚ 'ਪਾਤਾਲ ਲੋਕ' ਦੇ ਅਭਿਨੇਤਾ ਜੈਦੀਪ ਅਹਿਲਾਵਤ ਅਤੇ ਵਿਜੈ ਵਰਮਾ ਦੇ ਨਾਲ ਸਕਰੀਨ ਸਾਂਝੀ ਕਰੇਗੀ।


ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




# ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com


LONG WEEKEND SPECIALS
Fruiticana hee jaana!
YOUR ONE AND ONLY SURREY OWNED
Punjabi Store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
EXTRA EXTRA SUPER SPECIAL
BC Large Cherries
ਬੀਸੀ ਵੱਡੀਆਂ ਚੈਰੀਆਂ
$2.99 lb
EXTRA SUPER SUPER SPECIAL
RED ONIONS
Red Onion 25 lbs
ਲਾਲ ਗੰਢੇ
$17.99 bag
Yellow Onions 50 lbs
ਪੀਲੇ ਗੰਢੇ
$19.98 bag
YELLOW ONION
Desi Karela
ਦੇਸੀ ਕਰੇਲਾ
$1.49 lb
Nectarines
ਨੈਕਟੇਰੀਨਸ
$1.99 lb
Peaches
ਆੜੂ
$1.99 lb
Ashoka Cut Okra Frozen 908 gms
ਅਸ਼ੋਕਾ ਭਿੰਡੀ
BHINDI
$2.99 pkg.
Indican Assam Tea 216's
ਇੰਡੀਕੈਨ ਅਸਾਮ ਚਾਹ
Indican
$7.99 box
EXTRA SUPER SUPER SPECIAL
Red, Yellow & Orange Peppers
ਸ਼ਿਮਲਾ ਮਿਰਚਾਂ (ਲਾਲ, ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Cilantro
ਧਨੀਆ
2 for 99¢
SUPER SPECIAL
Seedless Watermelons
ਬਿਨਾਂ ਬੀਜ ਹਦਵਾਨਾ
59¢ lb
SUPER SPECIAL
Jumbo Size Cantaloupe
ਵੱਡੇ ਖਰਬੂਜੇ
2 for $3.00
SUPER SPECIAL
Russet Potatoes Snoboy 10 lbs
ਆਲੂ ਰਸਟ ਸਨੋਬੁਆਏ
SNOBOY
RUSSET POTATOES
$4.99 bag
SUPER SPECIAL
Red Delicious Apples
ਲਾਲ ਸਵਾਦ ਸੇਬ
98¢ lb
SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਨ)
Indican
$3.88 bag
Green & Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.99 lb
Roma Tomatoes
ਰੋਮਾ ਟਮਾਟਰ
$1.29 lb
Green Beans
ਹਰੀਆਂ ਫਲੀਆਂ
$1.49 lb
Green Cabbage
ਹਰੀ ਬੰਦ ਗੋਭੀ
59¢ lb
Hamdard Rooh Afza (Indian) 750 ml
ਰੂਹ ਅਫਜ਼ਾ
$3.49 bottle
Dabur Rose Syrup 710 ml
ਡਾਬਰ ਗੁਲਾਬ ਰਸ
$4.99 bottle
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$3.98 lb
Indican Almond Oil 1 L
ਇੰਡੀਕੈਨ ਬਦਾਮ ਦਾ ਤੇਲ
$12.99 bottle
Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18.99 lb
Thur Sep 01, 2022 - Wed Sep 07, 2022
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9 AM - 9 PM 7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520